


ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post




To view our online newspaper visit **punjabipost.ca/epaper** | Vol 23* Issue 181 | Thursday, 03 October 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

# ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਧਰਨਾ 30ਵੇਂ ਦਿਨ 'ਚ ਦਾਖ਼ਲ

## ਪੰਜਾਬੀ ਕਮਿਊਨਿਟੀ ਵੱਲੋਂ ਧਰਨੇ ਤੇ ਰੋਡ ਮਾਰਚ ਵਿਚ ਕੀਤੀ ਗਈ ਸ਼ਮੂਲੀਅਤ




ਬਰੈਂਪਟਨ, 2 ਅਕਤੂਬਰ (ਡਾ. ਝੰਡ): ਅੰਤਰਰਾਸ਼ਟਰੀ ਵਿਦਿਆਰਥੀ ਪਿਛਲੇ ਇਕ ਮਹੀਨੇ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਕੁਈਨ ਸਟਰੀਟ ਤੇ ਰੱਦਰਫ਼ਰਡ ਰੋਡ ਇੰਟਰਸੈੱਕਸ਼ਨ ਦੇ ਨੇੜਲੇ ਪਲਾਜ਼ੇ ਦੀ ਪਾਰਕਿੰਗ ਵਿਚ ਸੜਕ ਦੇ ਕਿਨਾਰੇ ਧਰਨੇ 'ਤੇ ਬੈਠੇ ਹੋਏ ਹਨ। ਪੰਜਾਬੀ ਕਮਿਊਨਿਟੀ ਵੱਲੋਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਲਗਾਤਾਰ ਸਮਰਥਨ ਕੀਤਾ ਜਾ ਰਿਹਾ ਹੈ। ਉਨ੍ਹਾਂ ਵਿੱਚੋਂ ਕਈ ਤਾਂ ਰੋਜ਼ ਹੀ ਉਨ੍ਹਾਂ ਦੇ ਨਾਲ ਧਰਨੇ 'ਤੇ ਬੈਠਦੇ ਹਨ ਅਤੇ ਉਨ੍ਹਾਂ ਦੇ ਇਸ ਸੰਘਰਸ਼ ਦੀ ਹਮਾਇਤ ਕਰਦੇ ਹਨ। ਹੋਰ ਕਈ ਜਦੋਂ ਵੀ ਉਨ੍ਹਾਂ ਨੂੰ ਸਮਾਂ ਮਿਲੇ, ਇਨ੍ਹਾਂ ਵਿਦਿਆਰਥੀਆਂ ਦੇ ਸੰਘਰਸ਼ ਦੇ ਸਮਰਥਨ ਲਈ ਉਨ੍ਹਾਂ ਕੋਲ ਜਾਂਦੇ ਹਨ। ਸੰਘਰਸ਼ ਕਰ ਰਹੇ ਵਿਦਿਆਰਥੀਆਂ ਨੇ ਉੱਥੇ ਆਪਣਾ ਟੈਂਟ ਲਗਾਇਆ ਹੋਇਆ ਹੈ। ਦਿਨ ਵੇਲੇ ਤਾਂ ਉਹ ਆਪਣੀਆਂ ਮੰਗਾਂ ਦੇ ਹੱਕ ਵਿਚ ਬੋਲਦੇ ਹਨ ਤੇ ਨਾਅਰੇਬਾਜ਼ੀ ਕਰਦੇ ਹਨ ਅਤੇ ਰਾਤ ਉਸ ਟੈਂਟ ਵਿਚ ਹੀ ਗੁਜ਼ਾਰਦੇ ਹਨ। ਨੇੜਲੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਦੇ ਭੋਜਨ-ਪਾਣੀ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ...ਬਾਕੀ ਪੰਨਾ 4 'ਤੇ

# ਮਿਸੀਸਾਗਾ ਦੇ ਇੱਕ ਘਰ ਵਿੱਚ ਗੋਲੀਬਾਰੀ ਦੌਰਾਨ ਇੱਕ ਵਿਅਕਤੀ ਦੀ ਮੌਤ, ਦੋ ਹਸਪਤਾਲ 'ਚ ਦਾਖਲ




ਟੋਰਾਂਟੋ, 2 ਅਕਤੂਬਰ (ਪੋਸਟ ਬਿਊਰੋ): ਪੀਲ ਪੁਲਿਸ ਦਾ ਕਹਿਣਾ ਹੈ ਕਿ ਮੰਗਲਵਾਰ ਦੀ ਸਵੇਰ ਮਿਸੀਸਾਗਾ ਦੇ ਇੱਕ ਘਰ ਵਿੱਚ ਸੇਂਧਮਾਰੀ ਤੋਂ ਬਾਅਦ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਦੋ ਹਸਪਤਾਲ ਵਿੱਚ ਹਨ ਦਾਖਲ।

ਹਿਊਰੋਂਟਾਰੀਓ ਸਟਰੀਟ ਦੇ ਪੱਛਮ ਵਿੱਚ ਸੈਂਟਰਲ ਪਾਰਕਵੇਅ ਅਤੇ ਜੋਨ ਡਰਾਈਵ ਕੋਲ ਸਥਿਤ ਘਰ 'ਤੇ ਸਵੇਰ ਕਰੀਬ 3:45 ਵਜੇ ਹਥਿਆਰ ਸਬੰਧੀ ਖਤਰੇ ਦੀ ਸੂਚਨਾ ਲਈ ਅਧਿਕਾਰੀਆਂ ਨੂੰ ਬੁਲਾਇਆ ਗਿਆ ਸੀ।

ਘਟਨਾ ਸਥਾਨ 'ਤੇ ਮੌਜੂਦ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਕਾਂਸਟੇਬਲ ਮਨਦੀਪ ਖਟੜਾ ਨੇ ਕਿਹਾ ਕਿ ਪੁਲਿਸ ਘਰ ਵਿਚ ਪਹੁੰਚੀ ਅਤੇ ਇੱਕ ਵਿਅਕਤੀ ਨੂੰ ਮਾਨਸਿਕ ਸਦਮੇ ਤੋਂ ਪੀੜਤ ਪਾਇਆ। 50 ਸਾਲਾ ਪੀੜਤ ਵਿਅਕਤੀ ਨੂੰ ਟਰਾਮਾ ਸੈਂਟਰ ਲਿਜਾਇਆ ਗਿਆ, ਜਿੱਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਘਟਨਾ ਸਥਾਨ 'ਤੇ ਦੋ ਹੋਰ ਵਿਅਕਤੀਆਂ ਜ਼ਖਮੀ ਹਾਲਤ ਵਿਚ ਪਾਇਆ ਗਿਆ ਅਤੇ ਹਸਪਤਾਲ ਲਿਜਾਇਆ ਗਿਆ।

ਖਟੜਾ ਨੇ ਕਿਹਾ ਕਿ ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਵਿਵਾਦ ਹੋਣ ਤੋਂ ਪਹਿਲਾਂ ਤਿੰਨ ਸ਼ੱਕੀਆਂ ਨੇ ਜ਼ਬਰਨ ਘਰ ਅੰਦਰ ਪ੍ਰਵੇਸ਼ ਕੀਤਾ।

ਖਟੜਾ ਨੇ ਕਿਹਾ ਕਿ ਜਾਂਚਕਰਤਾ ਹਰ ਵੱਖ-ਵੱਖ ਸੁਰਾਗ 'ਤੇ ਗੌਰ ਕਰਨਗੇ ਅਤੇ ਉਮੀਦ ਹੈ ਕਿ ਉਹ ਪਤਾ ਲਗਾ ਲੈਣਗੇ ਕਿ ਅਸਲ ਵਿੱਚ ਕੀ ਹੋਇਆ ਸੀ। ਸ਼ੁਰੂ ਵਿੱਚ ਪੁਲਿਸ ਨੇ ਕਿਹਾ ਕਿ ਸ਼ੱਕੀ ਪੈਦਲ ਭੱਜੇ ਸਨ ਪਰ ਬਾਅਦ ਵਿੱਚ ਸਪੱਸ਼ਟ ਕੀਤਾ ਕਿ ਉਹ ਇੱਕ ਸਫੇਦ ਰੰਗ ਦੀ ਐੱਸਯੂਵੀ ਵਿੱਚ ਭੱਜੇ ਸਨ। ਹਾਲਾਂਕਿ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

# ਇਜ਼ਰਾਈਲੀ ਸੈਨਿਕ ਲੇਬਨਾਨ 'ਚ 2 ਕਿਲੋਮੀਟਰ ਤੱਕ ਦਾਖਲ ਹੋਏ, ਹਿਜ਼ਬੁੱਲਾ ਨੇ ਕੀਤੇ 3 ਟੈਂਕ ਤਬਾਹ

## 8 ਇਜ਼ਰਾਈਲੀ ਸੈਨਿਕਾਂ ਦੀ ਮੌਤ, 18 ਜ਼ਖਮੀ



ਤਹਿਰਾਨ, 2 ਅਕਤੂਬਰ (ਪੋਸਟ ਬਿਊਰੋ): ਲੇਬਨਾਨ ਦੇ ਦੱਖਣੀ ਖੇਤਰ 'ਚ ਇਜ਼ਰਾਈਲ ਅਤੇ ਹਿਜ਼ਬੁੱਲਾ ਵਿਚਾਲੇ ਚੱਲ ਰਹੀ ਜ਼ਮੀਨੀ ਲੜਾਈ 'ਚ ਬੁੱਧਵਾਰ ਨੂੰ ਇਜ਼ਰਾਇਲੀ ਫੌਜ ਮਾਰੂਨ ਅਲ-ਰਸ ਪਿੰਡ ਦੇ 2 ਕਿਲੋਮੀਟਰ ਅੰਦਰ ਪਹੁੰਚ ਗਈ। ਜਾਣਕਾਰੀ ਮੁਤਾਬਕ ਇਜ਼ਰਾਇਲੀ ਸੈਨਿਕਾਂ ਦਾ ਇੱਥੇ ਹਿਜ਼ਬੁੱਲਾ ਲੜਾਕਿਆਂ ਨਾਲ ਵੀ ਮੁਕਾਬਲਾ ਹੋਇਆ।

ਇਸ ਆਹਮੋ-ਸਾਹਮਣੇ ਦੀ ਲੜਾਈ 'ਚ ਹੁਣ ਤੱਕ 8 ਇਜ਼ਰਾਈਲੀ ਸੈਨਿਕਾਂ ਦੀ ਮੌਤ ਹੋ ਚੁੱਕੀ ਹੈ, ਜਦਕਿ 18 ਜ਼ਖਮੀ ਹੋਏ ਹਨ। ਹਿਜ਼ਬੁੱਲਾ ਨੇ ਦਾਅਵਾ ਕੀਤਾ ਹੈ ਕਿ ਉਸ ਨੇ 3 ਇਜ਼ਰਾਈਲੀ ਟੈਂਕਾਂ ਨੂੰ ਵੀ ਤਬਾਹ ਕਰ ਦਿੱਤਾ ਹੈ। ...ਬਾਕੀ ਪੰਨਾ 2 'ਤੇ





















## ਅੱਜ ਨਾਮਾ

ਪੈਸੇ ਖਰਚੋ ਤਾਂ ਡਾਕਟਰ ਦੀ ਲਉ ਡਿਗਰੀ,
ਭਾਰਤ ਵਿੱਚ ਇਹ ਕੰਮ ਰਿਹਾ ਚੱਲ ਮੀਆਂ।
ਚਾਹੀਦੀ ਨੌਕਰੀ ਤੇ ਜਾਅਲੀ ਲਾਉ ਡਿਗਰੀ,
ਆਉਣਾ ਵਰਤਣ ਦਾ ਚਾਹੀਦਾ ਵੱਲ ਮੀਆਂ।
ਅਗੇਤਾ ਮਾਰ ਕੇ ਸੌਦਾ ਫਿਰ ਪੇਸ਼ ਹੋਇਉ,
ਪਰਖਣੀ ਕਿਸੇ ਨੇ ਕਦੇ ਨਹੀਂ ਗੱਲ ਮੀਆਂ।
ਰਾਜਸਥਾਨ ਦੀ ਸੁਣੀ ਗਈ ਖਬਰ ਕਹਿੰਦੀ,
ਨਕਲੀ ਡਾਕਟਰਾਂ ਦੇ ਖੜਕਣ ਟੱਲ ਮੀਆਂ।
ਜਿਹੜੇ ਮਰੀਜ਼ਾਂ ਦੀ ਇਨ੍ਹਾਂ ਨੇ ਜਾਂਚ ਕਰਨੀ,
ਪਤਾ ਨਹੀਂ ਉਨ੍ਹਾਂ ਦੇ ਨਾਲ ਕੀ ਹੋਊਗਾ ਈ।
ਉਮੀਦ ਰੱਖ ਕੇ ਇਨ੍ਹਾਂ ਕੋਲ ਜਾਊ ਜਿਹੜਾ,
ਸਾਰਾ ਈ ਕੋੜਮਾ ਪਿੱਛੋਂ ਫਿਰ ਰੋਊਗਾ ਈ।

**ਤੀਸ ਮਾਰ ਖਾਂ**

# ਕਿੰਗਸਟਨ, ਓਂਟਾਰੀਓ ਵਿਚ ਘਰ ਦੇ ਮਾਲਿਕ ਨੇ ਘਰ ਵਿਚ ਦਾਖਲ ਹੋ ਰਹੇ ਚੋਰਾਂ ਨੂੰ ਭਜਾਇਆ



ਓਟਵਾ, 2 ਅਕਤੂਬਰ (ਪੋਸਟ ਬਿਊਰੋ): ਕਿੰਗਸਟਨ, ਓਂਟਾਰੀਓ ਦੀ ਪੁਲਿਸ ਦਾ ਕਹਿਣਾ ਹੈ ਕਿ ਪਿਛਲੇ ਹਫ਼ਤੇ ਸ਼ਹਿਰ ਦੇ ਪੂਰਵੀ ਐਂਡ ’ਤੇ ਇੱਕ ਘਰ ਵਿੱਚ ਸੇਂਧਮਾਰੀ ਤੋਂ ਬਾਅਦ ਕਈ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ’ਤੇ ਚਾਰਜਿਜ਼ ਲਗਾਏ ਗਏ ਹਨ।

ਪੁਲਿਸ ਅਨੁਸਾਰ ਸ਼ਨੀਵਾਰ ਰਾਤ ਕਰੀਬ 10:30 ਵਜੇ ਰੋਜਰਜ਼ ਸਾਈਡ ਰੋਡ ਅਤੇ ਹਾਈਵੇ 2 ਦੇ ਇਲਾਕੇ ਵਿੱਚ ਇੱਕ ਘਰ ਵਿੱਚ ਤਿੰਨ ਲੋਕ ਦਾਖਲ ਹੋ ਗਏ। ਉਨ੍ਹਾਂ ਨੂੰ ਇਹ ਪਤਾ ਨਹੀਂ ਸੀ ਕਿ ਅੰਦਰ ਲੋਕ ਹਨ। ਪਰਿਵਾਰ ਦੇ ਇੱਕ ਮੈਂਬਰ ਨੇ ਖੜਕਾ ਸੁਣਿਆ ਅਤੇ ਹਾਲ ਵਿੱਚ ਟਾਰਚ ਲਏ ਕਿਸੇ ਵਿਅਕਤੀ ਨੂੰ ਵੇਖਿਆ ।

ਪਰਿਵਾਰ ਨੇ ਘਰ ਵਿਚ ਚੋਰਾਂ ਦਾ ਪਿੱਛਾ ਕੀਤਾ। ਜਿਉਂ ਹੀ ਸ਼ੱਕੀ ਭੱਜਣ ਲਈ ਵਾਹਨ ਵਿੱਚ ਬੈਠਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਘਰ ਦੇ ਮਾਲਿਕ ਨੇ ਉਨ੍ਹਾਂ ਨੂੰ ਇੱਕ ਕਾਰ ਵਿਚ ਘੇਰ ਲਿਆ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ, ਇੱਕ ਅਣਪਛਾਤੇ ਵਿਅਕਤੀ ਨੇ ਪਿਕਅਪ ਟਰੱਕ ਨਾਲ ਮਾਲਿਕ ਦੀ ਕਾਰ ਵਿੱਚ ਟੱਕਰ ਮਾਰ ਦਿੱਤੀ। ਘਰ ਦਾ ਮਾਲਿਕ ਫਿਰ ਘਰ ਅੰਦਰ ਚਲਿਆ ਗਿਆ ਅਤੇ ਸ਼ੱਕੀ ਭੱਜ ਗਏ।

ਪੁਲਿਸ ਨੇ ਦੱਸਿਆ ਕਿ ਜਾਂਚ ਤੋਂ ਪਤਾ ਚੱਲਿਆ ਹੈ ਕਿ ਇੱਕ ਸ਼ੱਕੀ ਨੇ ਦਿਨ ਵਿੱਚ ਪਹਿਲਾਂ ਘਰ ਦੀ ਰੈਕੀ ਕੀਤੀ ਸੀ ਅਤੇ ਸ਼ਾਮ ਨੂੰ ਲੁੱਟਣ ਲਈ ਦੋ ਹੋਰ ਲੋਕਾਂ ਨਾਲ ਵਾਪਿਸ ਆਇਆ, ਉਸਨੂੰ ਨਹੀਂ ਪਤਾ ਸੀ ਕਿ ਉੱਥੇ ਕੋਈ ਹੋਵੇਗਾ।

ਪੁਲਿਸ ਨੇ ਐਤਵਾਰ ਨੂੰ ਇੱਕ 50 ਸਾਲਾ ਔਰਤ ਅਤੇ ਇੱਕ 42 ਸਾਲਾ ਔਰਤ ਨੂੰ ਗ੍ਰਿਫ਼ਤਾਰ ਕੀਤਾ। ਜਿਨ੍ਹਾਂ ’ਤੇ ਘਰ ਵਿੱਚ ਵੜਣ ਅਤੇ ਤੋੜਫੋੜ ਕਰਨ ਦਾ ਦੋਸ਼ ਹੈ। ਮੰਗਲਵਾਰ ਨੂੰ ਇੱਕ 41 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ’ਤੇ ਘਰ ਵਿੱਚ ਦਾਖਲ ਹੋਣ ਅਤੇ ਤੋੜਫੋੜ ਕਰਨ ਦਾ ਚਾਰਜਿਜ਼ ਲਗਾਇਆ ਗਿਆ।

ਪੁਲਿਸ ਟਰੱਕ ਅਤੇ ਉਸਦੇ ਚਾਲਕ ਦੀ ਭਾਲ ਕਰ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਟਰੱਕ 2016 ਜਾਂ 2017 ਦਾ ਡਾਜ ਰੈਮ ਹੈ, ਜੋ ਲਾਲ ਰੰਗ ਦਾ ਹੈ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਟਰੱਕ ਦੇ ਅੱਗੇ ਦੇ ਹਿੱਸੇ ਵਿੱਚ ਕਾਫ਼ੀ ਨੁਕਸਾਨ ਹੋਇਆ ਹੋਵੇਗਾ, ਜਿਸ ਵਿੱਚ ਹੈੱਡਲਾਈਟ ਗਾਇਬ ਹੋਣਾ ਵੀ ਸ਼ਾਮਿਲ ਹੈ।

# ਜ਼ੀਰੋ-ਐਮੀਸ਼ਨ ਬੱਸਾਂ ਦੀ ਡਿਲਿਵਰੀ ਟਲੀ, 60 ਫੁੱਟੀਆਂ ਇਲੈਕਟ੍ਰਿਕ ਬਸਾਂ ਹੋਈਆਂ ਰੱਦ : ਓਸੀ ਟਰਾਂਸਪੋ



ਓਟਵਾ, 2 ਅਕਤੂਬਰ (ਪੋਸਟ ਬਿਊਰੋ): ਇੱਕ ਨਵੀਂ ਰਿਪੋਰਟ ਅਨੁਸਾਰ ਟਰਾਂਸਪੋ ਦੇ zero-emission bus (ZEB) ਬਸਾਂ ਦੇ ਬੇੜੇ ਦੇ ਵਿਸਥਾਰ ਵਿੱਚ ਦੇਰੀ ਹੋਣ ਦੀ ਸੰਭਾਵਨਾ ਦੇ ਚਲਦੇ ਸ਼ਹਿਰ ਨੂੰ ਹਾਲੇ ਕੋਈ ਵੀ 60-ਫੁਟ ਇਲੈਕਟ੍ਰਿਕ ਬਸ ਨਹੀਂ ਮਿਲੇਗੀ।

10 ਅਕਤੂਬਰ ਨੂੰ ਟਰਾਂਜਿਟ ਕਮਿਸ਼ਨ ਦੀ ਬੈਠਕ ਲਈ ਤਿਆਰ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁੱਝ ਨਵੀਆਂ ਬਸਾਂ ਸਾਲ ਦੇ ਅੰਤ ਤੱਕ ਓਟਵਾ ਵਿੱਚ ਡਿਲਿਵਰ ਹੋਣ ਦੀ ਉਮੀਦ ਹੈ, ਉੱਥੇ ਹੀ ਕਈ ਹੋਰ ਬਸਾਂ 2025 ਦੀ ਪਹਿਲੀ ਤੀਮਾਹੀ ਤੱਕ ਨਹੀਂ ਆਉਣਗੀਆਂ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਿਊ ਫਲਾਇਰ ਦੀ ਲੀਡ ਬਸ ਜਾਂ ਆਰਡਰ ਦੀ ਪਹਿਲੀ ਬਸ, ਵਰਤਮਾਨ ਵਿੱਚ ਉਤਪਾਦਨ ਵਿੱਚ ਹੈ ਅਤੇ ਅਕਤੂਬਰ 2024 ਵਿੱਚ ਡਿਲਿਵਰ ਹੋਣ ਦੀ ਉਮੀਦ ਹੈ। ਨਿਊ ਫਲਾਇਰ ਨੇ ਸ਼ਹਿਰ ਨੂੰ 1-2 ਮਹੀਨੇ ਦੀ ਉਤਪਾਦਨ ਦੇਰੀ ਬਾਰੇ ਸੂਚਿਤ ਕੀਤਾ ਹੈ, ਜਿਸਦਾ ਅਸਰ ਮੂਲ ਰੂਪ ਤੋਂ Q4 2024 ਲਈ ਨਿਰਧਾਰਤ 22 ਬਸਾਂ ਵਿਚੋਂ 16 ’ਤੇ ਪਵੇਗਾ, ਜੋ ਹੁਣ Q1 2025 ਵਿੱਚ ਆਉਣੀ ਚਾਹੀਦੀ ਹੈ। ਨੋਵਾ ਦੀਆਂ ਚਾਰ ਬਸਾਂ, ਜੋ 2024 ਦੀ ਚੌਥੀ ਤੀਮਾਹੀ ਵਿੱਚ ਆਉਣ ਵਾਲੀਆਂ ਸਨ, ਉਨ੍ਹਾਂ ਨੂੰ ਵੀ 2025 ਦੀ ਪਹਿਲੀ ਤੀਮਾਹੀ ਤੱਕ ਲਈ ਟਾਲ ਦਿੱਤਾ ਗਿਆ ਹੈ ਅਤੇ ਬਾਕੀ ਬੱਸਾਂ ਨੂੰ 2026 ਤੱਕ ਟਾਲ ਦਿੱਤਾ ਗਿਆ ਹੈ।

ਕਰਮਚਾਰੀਆਂ ਨੇ ਕਿਹਾ ਕਿ ਓਸੀ ਟਰਾਂਸਪੋ ਨੂੰ 2025 ਦੀ ਪਹਿਲੀ ਤੀਮਾਹੀ ਵਿੱਚ nova ਤੋਂ ਚਾਰ ਬਸਾਂ ਮਿਲਣਗੀਆਂ, ਜਦੋਂ ਕਿ ਬਾਕੀ 47 ਬਸਾਂ 2025 ਦੀ ਚੌਥੀ ਤਿਮਾਹੀ ਤੋਂ ਲੈ ਕੇ 2026 ਦੀ ਪਹਿਲੀ ਤੀਮਾਹੀ ਤੱਕ ਆਉਣ ਦੀ ਉਮੀਦ ਹੈ।

18 ਮਾਰਚ ਦੀ ਟਰਾਂਜਿਟ ਕਮਿਸ਼ਨ ਮੀਟਿੰਗ ਲਈ ਦਰਜ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਸ਼ਹਿਰ ਨੂੰ 2024 ਦੀ ਆਖਰੀ ਤੀਮਾਹੀ ਵਿੱਚ 26 ਜ਼ੀਰੋ-ਏਮਿਸ਼ਨ ਬਸਾਂ ਮਿਲਣੀਆਂ ਸਨ। ਨਿਊ ਫਲਾਇਰ ਤੋਂ 22 ਅਤੇ ਨੋਵਾ ਤੋਂ ਚਾਰ ਅਤੇ 2025 ਦੀ ਦੂਜੀ ਛਿਮਾਹੀ ਵਿੱਚ 76 ਨਵੀਂਆਂ ਬਸਾਂ। ਨਵੀਂ ਸਮਾਂ ਸੀਮਾ ਵਿੱਚ ਪਹਿਲੀਆਂ 26 ਬੱਸਾਂ ਦੀ ਡਿਲਿਵਰੀ ਨੂੰ ਮਾਰਚ 2025 ਤੱਕ ਵਧਾ ਦਿੱਤਾ ਗਿਆ ਹੈ ਅਤੇ ਹੁਣ ਇਸ ਵਿੱਚ ਸਤੰਬਰ 2025 ਅਤੇ ਜਨਵਰੀ 2026 ਵਿਚ 80 ਬਸਾਂ ਸ਼ਾਮਿਲ ਹੋਣ ਦੀ ਉਮੀਦ ਹੈ।

# ਇਜ਼ਰਾਈਲੀ ਸੈਨਿਕ ਲੇਬਨਾਨ ’ਚ 2 ਕਿਲੋਮੀਟਰ ਤੱਕ ਦਾਖਲ ਹੋਏ, ਹਿਜ਼ਬੁੱਲਾ ਨੇ ਕੀਤੇ 3 ਟੈਂਕ ਤਬਾਹ

ਪੰਨਾ 1 ਦਾ ਬਾਕੀ

ਇਜ਼ਰਾਈਲ ਲੇਬਨਾਨ ਵਿੱਚ ਹਿਜ਼ਬੁੱਲਾ, ਗਾਜ਼ਾ ਵਿੱਚ ਹਮਾਸ, ਈਰਾਨ ਅਤੇ ਯਮਨ ਵਿੱਚ ਹਾਉਤੀ ਨਾਲ ਲੜ ਰਿਹਾ ਹੈ। ਮੰਗਲਵਾਰ ਰਾਤ ਈਰਾਨ ਨੇ ਇਜ਼ਰਾਈਲ 'ਤੇ 200 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। ਹਾਲਾਂਕਿ ਇਜ਼ਰਾਈਲ ਮੁਤਾਬਕ ਈਰਾਨ ਨੇ ਉਸ 'ਤੇ 180 ਮਿਜ਼ਾਈਲਾਂ ਨਾਲ ਹਮਲਾ ਕੀਤਾ ਸੀ।

ਇਜ਼ਰਾਈਲੀ ਰੱਖਿਆ ਬਲ (ਆਈਡੀਐੱਫ) ਨੇ ਕਿਹਾ ਕਿ ਇਹ ਹਮਲਾ ਮੋਸਾਦ ਹੈੱਡਕੁਆਰਟਰ, ਨੇਵਾਤਿਮ ਏਅਰ ਬੇਸ ਅਤੇ ਟੇਲ ਨੋਫ ਏਅਰ ਬੇਸ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਈਰਾਨ ਦੀਆਂ ਜ਼ਿਆਦਾਤਰ ਮਿਜ਼ਾਈਲਾਂ ਨੂੰ ਇਜ਼ਰਾਈਲ ਦੀ ਰੱਖਿਆ ਪ੍ਰਣਾਲੀ ਨੇ ਨਸ਼ਟ ਕਰ ਦਿੱਤਾ ਸੀ।

ਈਰਾਨ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਨੇ ਸੰਯੁਕਤ ਰਾਸ਼ਟਰ ਦੇ ਮੁਖੀ ਐਂਟੋਨੀਓ ਗੁਟੇਰੇਸ ਦੇ ਇਜ਼ਰਾਈਲ ਆਉਣ 'ਤੇ ਪਾਬੰਦੀ ਲਗਾ ਦਿੱਤੀ ਹੈ। ਸਮਾਚਾਰ ਏਜੰਸੀ ਰਾਈਟਰਜ਼ ਮੁਤਾਬਕ ਇਜ਼ਰਾਇਲ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਮੁਖੀ ਨੇ ਈਰਾਨ ਦੇ ਹਮਲਿਆਂ ਦੀ ਨਿੰਦਾ ਨਹੀਂ ਕੀਤੀ, ਜਿਸ ਤੋਂ ਬਾਅਦ ਇਹ ਫੈਸਲਾ ਲਿਆ ਗਿਆ।

# ਬਿਹਾਰ ’ਚ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡ ਰਿਹਾ ਹਵਾਈ ਫੌਜ ਦਾ ਹੈਲੀਕਾਪਟਰ ਡਿੱਗਿਆ



ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ): ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ ਦੇ ਔਰਾਈ ਵਿੱਚ ਬੁੱਧਵਾਰ ਨੂੰ ਹਵਾਈ ਫੌਜ ਦਾ ਇੱਕ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ ਅਤੇ ਪਾਣੀ ਵਿੱਚ ਡਿੱਗ ਗਿਆ। ਜਹਾਜ਼ ਵਿੱਚ 3 ਸੈਨਿਕ ਅਤੇ 2 ਪਾਇਲਟ ਸਵਾਰ ਸਨ, ਸਾਰੇ ਸੁਰੱਖਿਅਤ ਹਨ।

ਹੈਲੀਕਾਪਟਰ ਸੀਤਾਮੜੀ ਤੋਂ ਹੜ੍ਹ ਰਾਹਤ ਸਮੱਗਰੀ ਲੈ ਕੇ ਜਾ ਰਿਹਾ ਸੀ। ਹਵਾਈ ਫੌਜ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ।

ਨੇਪਾਲ 'ਚ ਭਾਰੀ ਮੀਂਹ ਕਾਰਨ ਬਿਹਾਰ ਦੀਆਂ ਕਈ ਨਦੀਆਂ 'ਚ ਪਾਣੀ ਭਰ ਗਿਆ ਹੈ। 16 ਜ਼ਿਲ੍ਹਿਆਂ ਦੀ ਕਰੀਬ 10 ਲੱਖ ਆਬਾਦੀ ਹੜ੍ਹਾਂ ਤੋਂ ਪ੍ਰਭਾਵਿਤ ਹੈ। ਪੂਰਨੀਆ, ਸਹਿਰਸਾ, ਸੁਪੌਲ, ਦਰਭੰਗਾ ਵਿਚ ਸਥਿਤੀ ਬਹੁਤ ਖਰਾਬ ਹੈ।

# ਮਣੀਪੁਰ ਦੇ ਉਖਰੂਲ ਵਿੱਚ ਜ਼ਮੀਨੀ ਵਿਵਾਦ ਨੂੰ ਲੈ ਕੇ ਦੋ ਧਿਰਾਂ ਵਿਚ ਹਿੰਸਾ, 3 ਮੌਤਾਂ, 10 ਤੋਂ ਵੱਧ ਜ਼ਖ਼ਮੀ



ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ): ਮਨੀਪੁਰ ਦੇ ਉਖਰੁਲ ਜ਼ਿਲ੍ਹੇ 'ਚ ਬੁੱਧਵਾਰ ਨੂੰ ਨਗਾ ਭਾਈਚਾਰੇ ਦੇ ਦੋ ਧਿਰਾਂ ਵਿਚਾਲੇ ਗੋਲੀਬਾਰੀ ਹੋਈ। ਇਸ 'ਚ 3 ਲੋਕਾਂ ਦੀ ਮੌਤ ਹੋ ਗਈ। 10 ਤੋਂ ਵੱਧ ਜ਼ਖਮੀ ਹੋ ਗਏ। ਪੁਲਿਸ ਨੇ ਭਾਰਤੀ ਨਿਆਂ ਸੰਹਿਤਾ (ਬੀਐੱਨਐੱਸ), 2023 ਦੀ ਧਾਰਾ 163 ਦੀ ਉਪ ਧਾਰਾ 1 ਅਧੀਨ ਖੇਤਰ ਵਿੱਚ ਪਾਬੰਦੀਆਂ ਦੇ ਹੁਕਮ ਲਾਗੂ ਕੀਤੇ ਹਨ। ਅਗਲੇ ਹੁਕਮਾਂ ਤੱਕ ਲੋਕਾਂ ਨੂੰ ਘਰੋਂ ਬਾਹਰ ਨਿਕਲਣ ਦੀ ਮਨਾਹੀ ਹੈ।

ਪੁਲਿਸ ਨੇ ਦੱਸਿਆ ਕਿ ਦੋਵੇਂ ਧਿਰਾਂ ਨਗਾ ਭਾਈਚਾਰੇ ਨਾਲ ਸਬੰਧਤ ਹਨ ਪਰ ਹੰਫੂਨ ਅਤੇ ਹਾਂਗਪੁੰਗ ਨਾਂ ਦੇ ਦੋ ਵੱਖ-ਵੱਖ ਪਿੰਡਾਂ ਤੋਂ ਹਨ। ਦੋਵੇਂ ਧਿਰਾਂ ਇੱਕੋ ਜ਼ਮੀਨ 'ਤੇ ਦਾਅਵਾ ਕਰਦੀਆਂ ਹਨ। ਸਫ਼ਾਈ ਮੁਹਿੰਮ ਤਹਿਤ ਵਿਵਾਦਿਤ ਜ਼ਮੀਨ ਦੀ ਸਫ਼ਾਈ ਨੂੰ ਲੈ ਕੇ ਦੋਨਾਂ ਧਿਰਾਂ ਵਿਚਾਲੇ ਹਿੰਸਾ ਹੋਈ। ਆਸਾਮ ਰਾਈਫਲਜ਼ ਨੂੰ ਇਲਾਕੇ 'ਚ ਤਾਇਨਾਤ ਕੀਤਾ ਗਿਆ ਹੈ।

ਦੂਜੇ ਪਾਸੇ ਮੰਗਲਵਾਰ ਨੂੰ ਚੂਰਾਚੰਦਪੁਰ ਜ਼ਿਲੇ ਦੇ ਲੀਸ਼ਾਂਗ ਪਿੰਡ ਨੇੜੇ ਅਣਪਛਾਤੇ ਲੋਕਾਂ ਨੇ ਇਕ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਦੇ ਟਾਊਨ ਕਮਾਂਡਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਜ਼ਿਲ੍ਹੇ ਦੇ ਪਿੰਡ ਕਾਪਰਾਂਗ ਦੇ ਰਹਿਣ ਵਾਲੇ ਸੇਖੋਹਾਓ ਹਾਕੀਪ ਵਜੋਂ ਹੋਈ ਹੈ।

ਪੁਲਿਸ ਨੇ ਦੱਸਿਆ ਕਿ ਮ੍ਰਿਤਕ ਯੂਨਾਈਟਿਡ ਕੁਕੀ ਨੈਸ਼ਨਲ ਆਰਮੀ (ਯੂਕੇਐੱਨਏ) ਦਾ ਮੈਂਬਰ ਸੀ। ਇਹ ਘਟਨਾ ਕੱਲ੍ਹ ਦੁਪਹਿਰ 12:15 ਵਜੇ ਚੂਰਾਚੰਦਪੁਰ ਦੇ ਟੋਰਬੰਗ ਬੰਗਲੇ ਤੋਂ ਲਗਭਗ 1.5 ਕਿਲੋਮੀਟਰ ਦੂਰ ਵਾਪਰੀ। ਪੁਲਿਸ ਨੇ ਹੌਕੀਪ ਦੀ ਲਾਸ਼ ਚੂਰਾਚੰਦਪੁਰ ਮੈਡੀਕਲ ਕਾਲਜ ਦੇ ਮੁਰਦਾਘਰ ਵਿੱਚ ਰੱਖਵਾ ਦਿੱਤੀ ਹੈ।

# ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਮੁੱਖ ਮੰਤਰੀ ਦੀ ਰਿਹਾਇਸ਼ ਖਾਲੀ ਕਰਨਗੇ, 4 ਅਕਤੂਬਰ ਨੂੰ ਸ਼ਿਫਟ ਹੋਣਗੇ



ਨਵੀਂ ਦਿੱਲੀ, 2 ਅਕਤੂਬਰ (ਪੋਸਟ ਬਿਊਰੋ): ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਲਈ ਨਵੀਂ ਦਿੱਲੀ ਦੇ ਮੰਡੀ ਹਾਊਸ ਇਲਾਕੇ ਵਿੱਚ ਸਥਿਤ ਘਰ ਨੂੰ ਫਾਈਨਲ ਕਰ ਲਿਆ ਗਿਆ ਹੈ। ਉਹ 4 ਅਕਤੂਬਰ ਨੂੰ ਫਲੈਗਸਟਾਫ ਰੋਡ 'ਤੇ ਸਥਿਤ ਮੁੱਖ ਮੰਤਰੀ ਨਿਵਾਸ ਨੂੰ ਖਾਲੀ ਕਰਕੇ ਨਵੇਂ ਘਰ 'ਚ ਸ਼ਿਫਟ ਕਰਨਗੇ। ਆਮ ਆਦਮੀ ਪਾਰਟੀ (ਆਪ) ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ।

ਇਸ ਤੋਂ ਪਹਿਲਾਂ ਕੇਜਰੀਵਾਲ ਨੇ ਕਿਹਾ ਸੀ ਕਿ ਉਹ ਨਵਰਾਤਰੀ ਦੌਰਾਨ ਮੁੱਖ ਮੰਤਰੀ ਦੀ ਰਿਹਾਇਸ਼ ਖਾਲੀ ਕਰ ਦੇਣਗੇ। ਪਾਰਟੀ ਨੇ ਕਿਹਾ ਕਿ ਕੇਜਰੀਵਾਲ ਮੰਡੀ ਹਾਊਸ ਨੇੜੇ ਫਿਰੋਜ਼ਸ਼ਾਹ ਰੋਡ 'ਤੇ 'ਆਪ' ਦੇ ਰਾਜ ਸਭਾ ਸੰਸਦ ਮੈਂਬਰਾਂ ਨੂੰ ਅਲਾਟ ਕੀਤੇ ਗਏ ਦੋ ਬੰਗਲਿਆਂ 'ਚੋਂ ਇਕ 'ਚ ਜਾ ਸਕਦੇ ਹਨ।

ਇਹ ਬੰਗਲੇ ਪਾਰਟੀ ਹੈੱਡਕੁਆਰਟਰ ਤੋਂ ਕੁਝ ਮੀਟਰ ਦੀ ਦੂਰੀ 'ਤੇ ਹਨ। ਦਿੱਲੀ ਦੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਉਹ ਗਾਜ਼ੀਆਬਾਦ ਦੇ ਕੌਸ਼ੰਬੀ ਇਲਾਕੇ ਵਿੱਚ ਰਹਿੰਦੇ ਸਨ। ਕੇਜਰੀਵਾਲ ਨੇ ਇਸ ਮਹੀਨੇ ਦੀ ਸ਼ੁਰੂਆਤ 'ਚ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

ਉਨ੍ਹਾਂ ਨੇ ਕਿਹਾ ਸੀ ਕਿ ਮੈਂ ਅਗਨੀਪ੍ਰੀਖਿਆ ਦੇਣ ਲਈ ਅਸਤੀਫਾ ਦੇ ਦਿੱਤਾ ਹੈ ਅਤੇ ਜਦੋਂ ਤੱਕ ਲੋਕ ਮੈਨੂੰ ਇਮਾਨਦਾਰੀ ਦਾ ਸਰਟੀਫਿਕੇਟ ਨਹੀਂ ਦਿੰਦੇ, ਉਦੋਂ ਤੱਕ ਅਹੁਦੇ 'ਤੇ ਵਾਪਿਸ ਨਹੀਂ ਆਵਾਂਗਾ। ਇਸ ਤੋਂ ਬਾਅਦ ਪਾਰਟੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਸੀ ਕਿ ਰਾਸ਼ਟਰੀ ਪਾਰਟੀ ਦੇ ਮੁਖੀ ਹੋਣ ਦੇ ਨਾਤੇ ਕੇਜਰੀਵਾਲ ਨੂੰ ਰਿਹਾਇਸ਼ ਮੁਹੱਈਆ ਕਰਵਾਈ ਜਾਵੇ।

ਹਾਲਾਂਕਿ, ਦਿੱਲੀ ਵਿੱਚ ਵਿਧਾਇਕਾਂ ਨੂੰ ਸਰਕਾਰੀ ਰਿਹਾਇਸ਼ਾਂ ਅਲਾਟ ਨਹੀਂ ਕੀਤੀਆਂ ਗਈਆਂ ਹਨ। ਕੇਜਰੀਵਾਲ ਹੁਣ ਸਿਰਫ਼ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਤਰਕਸ਼ੀਲ ਸੁਸਾਇਟੀ ਕੈਨੇਡਾ, ਓਂਟਾਰੀਓ ਵੱਲੋਂ ਸ਼ਹੀਦ ਭਗਤ ਸਿੰਘ ਤੇ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ ਪ੍ਰੋਗਰਾਮ



ਬਰੈਂਪਟਨ, 2 ਅਕਤੂਬਰ (ਡਾ. ਬਲਜਿੰਦਰ ਸਿੰਘ ਸੇਖੋਂ): ਤਰਕਸ਼ੀਲ ਸੁਸਾਇਟੀ ਕਨੇਡਾ ਦੀ ਓਨਟਾਰੀਓਇਕਾਈ ਵਲੋਂ ਬੀਤੇ ਐਤਵਾਰਸ਼ਹੀਦ ਭਗਤ ਸਿੰਘ ਅਤੇ ਲੋਕ ਨਾਇਕ ਭਾਅ ਜੀ ਗੁਰਸ਼ਰਨ ਸਿੰਘ ਜੀ ਦੀ ਯਾਦ ਵਿੱਚ ਯਾਦਗਾਰੀ ਸਮਾਗਮ ਕਰਵਾਇਆ ਗਿਆਅਤੇ ਇਸ ਸਮੇਂ ਤਰਕਸ਼ੀਲ ਵਿਚਾਰਧਾਰਾ ਨੂੰ ਸਮਰਪਿਤ ਤਿੰਨ ਸ਼ਖਸੀਅਤਾਂ ਨੂੰ ਸਨਮਨਿਤ ਵੀ ਕੀਤਾ ਗਿਆ।ਪ੍ਰੋਗਰਾਮ ਨੂੰ ਪੰਜਾਬੀ ਭਾਈਚਾਰੇ ਵਲੋਂ ਭਰਵਾਂ ਹੁੰਗਾਰਾ ਮਿਲਿਆ ਜਿਸ ਕਾਰਨ ਖਚਾਖਚ ਭਰੇ ਹਾਲ ਵਿੱਚ ਬਹੁਤ ਸਾਰੇ ਆਏ ਲੋਕਾਂ ਨੂੰ ਅੰਤ ਤੱਕ ਖੜਕੇ ਹੀ ਇਹ ਸਾਰਾ ਪ੍ਰੋਗਰਾਮ ਸੁਣਨਾ ਪਿਆ।

ਪ੍ਰੋਗਰਾਮ ਦੀ ਸ਼ੁਰੂਆਤ ਮਲਕੀਤ ਮਾਣਕ ਜੀ ਨੇ ਸ਼ਹੀਦ ਭਗਤ ਸਿੰਘ ਦੀ ਵਾਰ ਤੋਂ ਕੀਤੀ। ਇਸ ਪਿੱਛੋਂ ਸੁਸਾਇਟੀ ਦੀ ਓਨਟਾਰੀਓ ਇਕਾਈ ਦੇ ਜਨਰਲ ਸਕੱਤਰ ਅਤੇ ਪ੍ਰੋਗਰਾਮ ਦੇ ਮੁੱਖ ਬੁਲਾਰੇ ਅਮਰਦੀਪ ਮੰਡੇਰ ਨੇ ਕਿਹਾ ਕਿ ਭਗਤ ਸਿੰਘ ਨੂੰ ਇੱਕ ਗਰਮ ਖਿਆਲੀ ਜਵਾਨ ਸਮਝਣ ਦੀ ਭੁੱਲ ਨਹੀਂ ਕਰਨੀ ਚਾਹੀਦੀ ਸਗੋਂ ਉਹ ਇਕ ਸੂਝਵਾਨ ਬੁੱਧੀਜੀਵੀ ਸਨ ਜੋ ਸਮਾਜਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਏ ਅਤੇ ਸਾਰੀ ਉਮਰ ਸਮਾਜਿਕ ਨਿਆਂ ਲਈ ਜੂਝਦੇ ਰਹੇ। ਇੱਕ ਪਾਸੇ ਉਨ੍ਹਾ ਧਰਮ ਨਿਰਪੱਖ ਅਸੂਲਾਂ ਤੇ ਪਹਿਰਾ ਦਿਤਾਪਰ ਨਾਲ ਹੀ ਉਹਨਾਂ ਦਾ ਵਿਸ਼ਵਾਸ ਸੀ ਕਿ ਲੋਕਾਂ ਦੇ ਹਾਲਾਤ ਬਦਲਣ ਲਈ ਕਿਸੇ ਸਰਬ-ਸ਼ਕਤੀਮਾਨ ਰੱਬ ਤੇ ਨਹੀਂ ਸਗੋਂ ਲੋਕ ਘੋਲਾਂ ਉੱਤੇ ਹੀ ਨਿਰਭਰ ਕੀਤਾ ਜਾਣਾ ਚਾਹੀਦਾ। ਇੰਟਰਨੈਸ਼ਨਲ ਵਿਦਿਆਰਥੀ ਆਗੂ ਮਨਪ੍ਰੀਤ ਕੌਰ ਲੋਂਗੋਵਾਲ ਵੱਲੋਂ ਵਿਦਿਆਰਥੀ ਵਰਗ ਦੀਆਂ ਸਮੱਸਿਆਵਾਂ ਸਾਂਝੀਆਂ ਕੀਤੀਆਂ ਗਈਆਂ ਅਤੇ ਇੱਕ ਕਵਿਤਾ ਵੀ ਪੇਸ਼ ਕੀਤੀ ਗਈ। ਸੁਸਾਇਟੀ ਦੇ ਉਪ ਪ੍ਰਧਾਨ ਬਲਰਾਜ ਸ਼ੋਕਰ ਜੀ ਨੇ ਭਗਤ ਸਿੰਘ ਦੀ ਸੈਕੂਲਰ ਵਿਚਾਰਧਾਰਾ ਬਾਰੇ ਬੋਲਦਿਆਂ ਕਿਹਾ ਕਿ ਸਾਨੂੰ ਆਪਣੇ ਦੇਸ਼ ਦਾ ਨਾਮ ਜੋ ਭਾਰਤੀ ਸੰਵਿਧਾਨ ਵਿੱਚ ਦਰਜ ਹੈ ਇੰਡੀਆ ਜਾਂ ਭਾਰਤ ਹੀ ਵਰਤਣਾ ਚਾਹੀਦਾ ਹੈ ਜੋ ਸੈਕੂਲਰ ਹੈ। ਇਸ ਉਪਰੰਤ ਅਜਮੇਰ ਪਰਦੇਸੀ ਜੀ ਨੇ ਆਪਣੇ ਵਿਚਾਰ ਸ਼ਹੀਦ ਭਗਤ ਸਿੰਘ ਬਾਰੇ ਲਿਖੀ ਕਵਿਤਾ ਰਾਹੀਂ ਰੱਖੇ।ਮਲੂਕ ਸਿੰਘ ਕਾਹਲੋਂ ਨੇ ਭਾਅ ਜੀ ਗੁਰਸ਼ਰਨ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਅਤੇ ਸੁਰਜੀਤ ਪਾਤਰ ਦੀ ਕਵਿਤਾ ਦੀਆਂ ਸਤਰਾਂ ਸਾਂਝੀਆਂ ਕੀਤੀਆਂ।ਸੁਸਾਇਟੀ ਦੇ ਕੌਮਾਂਤਰੀ ਇੰਚਾਰਜ ਤੇ ਕੌਮੀ ਮੀਤ ਪ੍ਰਧਾਨ ਬਲਵਿੰਦਰ ਬਰਨਾਲਾ ਨੇ ਕਿਹਾ ਕਿ ਲੋਕਾਂ ਨੂੰ ਭਗਤ ਸਿੰਘ ਵਾਂਗ ਤਰਕ ਦੇ ਅਧਾਰ ਸੋਚਣ ਦੀ ਆਦਤ ਪਾਉਣੀ ਚਾਹਦੀ ਹੈ। ਭਾਅ ਜੀ ਗੁਰਸ਼ਰਨ ਵਲੋਂ ਨਾਟਕਾਂ ਰਾਹੀਂ ਇਹ ਪਹੁੰਚ ਆਪਣੇ ਨਾਟਕ 'ਦੇਵ ਪੁਰਸ਼ ਹਾਰ ਗਏ' ਰਾਹੀਂ



ਲੋਕਾਂ ਵਿੱਚ ਭਰਵੇਂ ਰੂਪ ਵਿੱਚ ਪ੍ਰਚਾਰੀ ਗਈ।

ਸਮਾਗਮ ਦੇ ਮੁੱਖ ਮਹਿਮਾਨ ਹਰਚੰਦ ਭਿੰਡਰ ਜੀ ਜੋ 83 ਇਕਾਈਆਂ ਦੀ ਫੈਡਰੇਸ਼ਨਦੇ ਖਜਾਨਚੀ ਹਨ ਨੇ ਜਿੱਥੇ ਲੋਕ ਨਾਇਕ ਗੁਰਸ਼ਰਨ ਸਿੰਘ ਬਾਰੇ ਗੱਲਬਾਤ ਕੀਤੀ ਓਥੇ ਉਹਨਾਂ ਰੈਸ਼ਨੇਲਿਸਟ ਸੋਸਾਇਟੀਆਂ ਦੀ ਫੈਡਰੇਸ਼ਨਵੱਲੋਂ ਕਰਵਾਈ ਜਾਣ ਵਾਲੀ ਕਾਨਫਰੰਸ ਦੀ ਜਾਣਕਾਰੀ ਵੀ ਸਾਂਝੀ ਕੀਤੀ। ਭਗਤ ਸਿੰਘ ਦੀ ਭਤੀਜੀ ਇੰਦਰਜੀਤ ਕੌਰ ਅਤੇ ਉਨ੍ਹਾ ਦੇ ਪਤੀ ਅੰਮ੍ਰਿਤ ਢਿਲੋਂ ਨੇ ਭਗਤ ਸਿੰਘ ਨਾਲ ਸਬੰਧਿਤ ਯਾਦਾਂ ਤਾਜ਼ਾ ਕੀਤੀਆਂ ਗਈਆਂ ।ਸੁਸਾਇਟੀ ਵੱਲੋਂ ਹਰਚੰਦ ਭਿੰਡਰ, ਅੰਮ੍ਰਿਤ ਢਿੱਲੋਂ ਅਤੇ ਕੁਲਦੀਪ ਸੰਧੂ ਦਾ ਉਹਨਾਂ ਦੀਆਂ ਤਰਕਸ਼ੀਲ ਸੇਵਾਂਵਾ ਲਈ ਸਨਮਾਨ ਕੀਤਾ ਗਿਆ। ਸਰੋਤਿਆਂ ਲਈ ਚਾਹ ਪਾਣੀ ਦਾ ਪ੍ਰਬੰਧ ਨਿਰਮਲ ਸੰਧੂ ਜੀ ਵੱਲੋਂ ਕੀਤਾ ਗਿਆ।ਅਖੀਰ ਵਿੱਚ ਸੁਸਾਇਟੀ ਦੇ ਪ੍ਰਧਾਨ ਜਸਵੀਰ ਚਾਹਲ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ। ਸਮਾਗਮ ਦੀ ਕਾਰਵਾਈ ਸੋਹਣ ਢੀਂਡਸਾ ਅਤੇ ਹਰਬੰਸ ਮੱਲ੍ਹੀ ਜੀ ਵੱਲੋਂ ਬਾਖੂਬੀ ਚਲਾਈ ਗਈ। ਸਮਾਗਮ ਵਿੱਚ ਆਏ ਸਰੋਤਿਆ ਨੇ ਤਰਕਸ਼ੀਲ ਸੁਸਾਇਟੀ ਦੀ ਮੈਂਬਰਸ਼ਿਪ ਵੀ ਲਈ ਅਤੇ ਤਰਕਸ਼ੀਲ ਸਾਹਿਤ ਵੀ ਖਰੀਦਿਆ। ਸੁਸਾਇਟੀ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਜਸਵੀਰ ਚਾਹਲ (416-820-6800)ਜਾਂ ਅਮਰਦੀਪ (647-782-8334)ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੂਣੇ 'ਚ ਹੈਲੀਕਾਪਟਰ ਹੋਇਆ ਕ੍ਰੈਸ਼, 2 ਪਾਇਲਟ ਅਤੇ 1 ਇੰਜੀਨੀਅਰ ਦੀ ਮੌਤ



ਪੂਣੇ, 2 ਅਕਤੂਬਰ (ਪੋਸਟ ਬਿਊਰੋ): ਮਹਾਰਾਸ਼ਟਰ ਦੇ ਪੂਣੇ ਜ਼ਿਲ੍ਹੇ ਦੇ ਬਾਵਧਨ ਵਿੱਚ ਬੁੱਧਵਾਰ ਨੂੰ ਇੱਕ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਵਿੱਚ ਦੋ ਪਾਇਲਟ ਅਤੇ ਇੱਕ ਇੰਜੀਨੀਅਰ ਸਵਾਰ ਸਨ। ਤਿੰਨਾਂ ਦੀ ਮੌਤ ਹੋ ਗਈ। ਇਹ ਘਟਨਾ ਬਾਵਧਨ ਦੇ ਕੇ.ਕੇ. ਕੰਸਟਰਕਸ਼ਨ ਹਿੱਲ ਨੇੜੇ ਸਵੇਰੇ 6:45 ਵਜੇ ਵਾਪਰੀ।

ਪੂਣੇ ਦੇ ਪਿੰਪਰੀ-ਚਿੰਚਵਾੜ ਦੇ ਡੀ.ਸੀ.ਪੀ. ਵਿਸ਼ਾਲ ਗਾਇਕਵਾੜ ਨੇ ਦੱਸਿਆ ਕਿ ਹੈਲੀਕਾਪਟਰ ਨੇ ਮੁੰਬਈ ਦੇ ਜੁਹੂ ਲਈ ਆਕਸਫੋਰਡ ਗੋਲਫ ਕੋਰਸ ਦੇ ਹੈਲੀਪੈਡ ਤੋਂ ਉਡਾਣ ਭਰੀ ਸੀ। ਕਰੀਬ 10 ਮਿੰਟ ਬਾਅਦ ਹੈਲੀਕਾਪਟਰ ਡੇਢ ਕਿਲੋਮੀਟਰ ਦੀ ਦੂਰੀ 'ਤੇ ਕ੍ਰੈਸ਼ ਹੋ ਗਿਆ। ਇਹ ਹਾਦਸਾ ਪਹਾੜੀ ਇਲਾਕੇ 'ਚ ਵਾਪਰਿਆ। ਸਵੇਰੇ ਉੱਥੇ ਸੰਘਣੀ ਧੁੰਦ ਛਾਈ ਹੋਈ ਸੀ। ਹਾਦਸੇ ਤੋਂ ਬਾਅਦ ਹੈਲੀਕਾਪਟਰ ਨੂੰ ਅੱਗ ਲੱਗ ਗਈ।

ਪੂਣੇ ਦੇ ਚੀਫ ਫਾਇਰ ਅਫਸਰ ਦਵਿੰਦਰ ਪ੍ਰਭਾਕਰ ਪੋਟਫੋਡੇ ਨੇ ਦੱਸਿਆ ਕਿ ਹਾਦਸੇ ਦੀ ਸੂਚਨਾ ਮਿਲਦੇ ਹੀ ਬਚਾਅ ਕਾਰਜ ਲਈ ਦੋ ਐਂਬੂਲੈਂਸ ਅਤੇ ਚਾਰ ਫਾਇਰ ਇੰਜਨ ਮੌਕੇ 'ਤੇ ਪਹੁੰਚ ਗਏ। ਹੈਲੀਕਾਪਟਰ ਦੇ ਸਾਰੇ ਹਿੱਸੇ ਚਕਨਾਚੂਰ ਹੋ ਗਏ।

ਹੈਲੀਕਾਪਟਰ ਹੈਰੀਟੇਜ ਐਵੀਏਸ਼ਨ ਨਾਂ ਦੀ ਨਿੱਜੀ ਕੰਪਨੀ ਦਾ ਸੀ। ਪਾਇਲਟ ਅਤੇ ਇੰਜੀਨੀਅਰ ਦੋਨਾਂ ਦੀ ਪਹਿਚਾਣ ਹਾਲੇ ਨਹੀਂ ਹੋ ਸਕੀ ਹੈ। ਡੀਸੀਪੀ ਵਿਸ਼ਾਲ ਨੇ ਦੱਸਿਆ ਕਿ ਹਾਦਸੇ ਦੇ ਕਾਰਨਾਂ ਦਾ ਹਾਲੇ ਪਤਾ ਨਹੀਂ ਲੱਗ ਸਕਿਆ ਹੈ। ਡੀਜੀਸੀਏ ਮਾਮਲੇ ਦੀ ਜਾਂਚ ਕਰੇਗਾ।

# ਟਰੰਪ ਦੇ ਉਪ-ਰਾਸ਼ਟਰਪਤੀ ਉਮੀਦਵਾਰ ਨੇ ਬਹਿਸ ਜਿੱਤੀ, ਕਿਹਾ- ਟਰੰਪ ਕਾਰਨ ਦੁਨੀਆਂ ਵਿਚ ਸ਼ਾਂਤੀ ਆਈ



ਵਾਸ਼ਿੰਗਟਨ, 2 ਅਕਤੂਬਰ (ਪੋਸਟ ਬਿਊਰੋ): ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਬੁੱਧਵਾਰ (ਭਾਰਤੀ ਸਮੇਂ) ਨੂੰ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰਾਂ ਵਿਚਾਲੇ ਬਹਿਸ ਹੋਈ। ਡੈਮੋਕਰੇਟਿਕ ਉਮੀਦਵਾਰ ਟਿਮ ਵਾਲਜ਼ ਅਤੇ ਰਿਪਬਲਿਕਨ ਉਮੀਦਵਾਰ ਜੇਡੀ ਵੈਨਸ ਨੇ 90 ਮਿੰਟ ਤੱਕ ਬਹਿਸ ਕੀਤੀ। ਇਸ ਬਹਿਸ ਦਾ ਆਯੋਜਨ ਸੀਬੀਐੱਸ ਨਿਊਜ਼ ਦੁਆਰਾ ਕੀਤਾ ਗਿਆ ਸੀ।

ਬਹਿਸ ਤੋਂ ਬਾਅਦ ਕਰਵਾਏ ਗਏ ਮਤਦਾਨ ਵਿੱਚ ਡੋਨਾਲਡ ਟਰੰਪ ਦੇ ਸਾਥੀ ਉਮੀਦਵਾਰ ਜੇਡੀ ਵੈਨਸ ਨੂੰ ਜੇਤੂ ਕਰਾਰ ਦਿੱਤਾ ਗਿਆ। ਪੋਲ ਅਨੁਸਾਰ, 42% ਲੋਕਾਂ ਨੇ ਵੈਨਸ ਨੂੰ ਬਹਿਸ ਦਾ ਜੇਤੂ ਮੰਨਿਆ। ਉਸੇ ਸਮੇਂ 41% ਲੋਕਾਂ ਦਾ ਮੰਨਣਾ ਸੀ ਕਿ ਟਿਮ ਵਾਲਜ਼ ਦੀ ਜਿੱਤ ਹੋਈ ਹੈ। 17% ਲੋਕਾਂ ਦਾ ਮੰਨਣਾ ਸੀ ਕਿ ਮੁਕਾਬਲਾ ਡਰਾਅ ਸੀ।

ਜਾਣਕਾਰੀ ਮੁਤਾਬਕ ਵਾਲਜ਼ ਦੀ ਸ਼ੁਰੂਆਤ ਚੰਗੀ ਨਹੀਂ ਰਹੀ ਪਰ ਬਾਅਦ ਵਿੱਚ ਉਨ੍ਹਾਂ ਨੇ ਚੰਗੀ ਵਾਪਸੀ ਕੀਤੀ। ਇਸ ਦੇ ਨਾਲ ਹੀ ਕਈ ਮਾਹਿਰਾਂ ਨੇ ਕਿਹਾ ਕਿ ਰਿਪਬਲਿਕਨ ਉਮੀਦਵਾਰ ਵੈਂਸ ਨੇ ਆਪਣੇ ਵਿਚਾਰ ਸਰਲ ਸ਼ਬਦਾਂ ਵਿੱਚ ਪ੍ਰਗਟ ਕੀਤੇ। ਵਾਲਜ਼ ਦੇ ਵਾਅਦਿਆਂ ਬਾਰੇ ਉਨ੍ਹਾਂ ਕਿਹਾ ਕਿ ਇਸ ਵੇਲੇ ਡੈਮੋਕਰੇਟਿਕ ਪਾਰਟੀ ਸੱਤਾ ਵਿੱਚ ਹੈ। ਉਹ ਜੋ ਵਾਅਦੇ ਕਰ ਰਹੇ ਹਨ, ਉਨ੍ਹਾਂ ਨੂੰ ਇਸ ਕਾਰਜਕਾਲ ਦੌਰਾਨ ਪੂਰਾ ਕੀਤਾ ਜਾ ਸਕਦਾ ਸੀ।

ਅਮਰੀਕਾ 'ਚ 5 ਨਵੰਬਰ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਚੋਣਾਂ ਹੋ ਰਹੀਆਂ ਹਨ। ਇਹ ਦੋਵੇਂ ਪ੍ਰਮੁੱਖ ਪਾਰਟੀਆਂ ਦੀ ਆਖਰੀ ਬਹਿਸ ਸੀ। ਰਾਸ਼ਟਰਪਤੀ ਦੇ ਅਹੁਦੇ ਲਈ ਹੁਣ ਤੱਕ ਦੋ ਬਹਿਸ ਹੋ ਚੁੱਕੀਆਂ ਹਨ। ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਪਹਿਲੀ ਬਹਿਸ ਤੋਂ ਬਾਅਦ ਦੌੜ ਤੋਂ ਬਾਹਰ ਹੋ ਗਏ ਸਨ। ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਉਨ੍ਹਾਂ ਦੀ ਥਾਂ ਲੈ ਲਈ ਅਤੇ ਟਰੰਪ ਨਾਲ ਦੂਜੀ ਬਹਿਸ ਵਿੱਚ ਹਿੱਸਾ ਲਿਆ।

## ਨੌਜਵਾਨਾਂ ਨੂੰ ਕ੍ਰਾਂਤੀਕਾਰੀਆਂ ਦੇ ਜੀਵਨ ਤੋਂ ਜਾਣੂੰ ਕਰਵਾਉਣਾ ਜ਼ਰੂਰੀ : ਅਜੇ

### ਬਜਰੰਗ ਦਲ ਵੱਲੋਂ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਦੀ ਸਮਾਧ ਤੇ ਸ਼ਰਧਾ ਦੇ ਫੁੱਲ ਭੇਂਟ



ਫਿਰੋਜ਼ਪੁਰ, 2 ਅਕਤੂਬਰ (ਗਿਆਨ ਸਿੰਘ): ਬਜਰੰਗ ਦਲ ਦੇ ਜ਼ਿਲ੍ਹਾ ਕਨਵੀਨਰ ਰਾਹੁਲ ਧਵਨ ਅਤੇ ਵਿਹਿਪ ਛਾਉਣੀ ਸ਼ਹਿਰੀ ਦੇ ਪ੍ਰਧਾਨ ਤਰਸੇਮ ਪਾਲ ਸ਼ਰਮਾ ਦੀ ਅਗਵਾਈ ਹੇਠ ਫਿਰੋਜ਼ਪੁਰ ਛਾਉਣੀ ਨਗਰ ਦੇ ਵਰਕਰਾਂ ਨੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਵੀਰ ਸ਼ਹੀਦੇ-ਏ-ਆਜ਼ਮ ਭਗਤ ਸਿੰਘ ਜੀ ਦੇ ਜਨਮ ਦਿਨ ਮੌਕੇ ਫਿਰੋਜ਼ਪੁਰ ਦੇ ਹੁਸੈਨੀਵਾਲਾ ਬਾਰਡਰ 'ਤੇ ਸਥਿਤ ਸ਼ਹੀਦੇ-ਏ ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੀ ਸਮਾਧ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਪ੍ਰੋਗਰਾਮ ਵਿੱਚ ਮੁੱਖ ਬੁਲਾਰੇ ਵਜੋਂ ਹਾਜ਼ਰ ਹੋਏ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ਿਲ੍ਹਾ ਸੰਗਠਨ ਮੰਤਰੀ ਅਜੈ ਜੈਨ ਨੇ ਕਿਹਾ ਕਿ ਦੇਸ਼ ਦੇ ਨੌਜਵਾਨਾਂ ਨੂੰ ਸਕੂਲਾਂ ਵਿੱਚ ਭਗਤ ਸਿੰਘ ਵਰਗੇ ਕ੍ਰਾਂਤੀਕਾਰੀਆਂ ਦੇ ਜੀਵਨ ਤੋਂ ਜਾਣੂ ਕਰਵਾਉਣਾ ਜ਼ਰੂਰੀ ਹੈ, ਤਾਂ ਹੀ ਉਨ੍ਹਾਂ ਵਿੱਚ ਪਿਆਰ ਮਹਿਸੂਸ ਹੋਵੇਗਾ ਅਤੇ ਪ੍ਰੋਗਰਾਮ ਵਿੱਚ ਬਜਰੰਗ ਦਲ ਨਗਰ ਅਖਾੜਾ ਦੇ ਪ੍ਰਧਾਨ ਵੰਸ਼ ਪਹਿਲਵਾਲ, ਤਰਸੇਮ ਪਾਲ, ਜਗਜੀਤ ਚੰਦ, ਅਮਿਤ ਕੁਮਾਰ, ਕਸ਼ਮੀਰ ਲਾਲ, ਬਲਵਿੰਦਰ ਕੁਮਾਰ, ਵਿਸ਼ਾਲ ਸ਼ਰਮਾ, ਮਨਪ੍ਰੀਤ, ਜਸਨ ਸ਼ਰਮਾ ਆਦਿ ਕਾਰਕੁਨ ਅਤੇ ਲੋਕ ਹਾਜ਼ਰ ਸਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖ਼ੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com






## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈੱਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013





**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**


## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜ਼ਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664




# ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਧਰਨਾ 30ਵੇਂ ਦਿਨ ’ਚ ਦਾਖ਼ਲ

ਪੰਨਾ 1 ਦਾ ਬਾਕੀ

ਇਨ੍ਹਾਂ ਵਿਦਿਆਰਥੀਆਂ ਦੀਆਂ ਮੰਗਾਂ ਵਿਚ ਮੁੱਖ ਤੌਰ ‘ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਜਿਨ੍ਹਾਂ ਦੇ ਵਰਕ-ਪਰਮਿਟ ਮੁੱਕਣ ਕਿਨਾਰੇ ਹਨ, ਉਨ੍ਹਾਂ ਦੇ ਵਰਕ ਪਰਮਿਟਾਂ ਵਿਚ ਵਾਧਾ ਕਰਨਾ, ਪੁਆਇੰਟਾਂ ਦੇ ਆਧਾਰ ‘ਤੇ ਉਨ੍ਹਾਂ ਦੀਆਂ ਪੀ. ਆਰ. ਦੀਆਂ ਅਰਜ਼ੀਆਂ ਦਾ ਜਲਦੀ ਨਿਪਟਾਰਾ ਕਰਕੇ ਉਨ੍ਹਾਂ ਨੂੰ ਕੈਨੇਡਾ ਦੇ ‘ਪੱਕੇ ਵਾਸੀ’ (ਪੀ. ਆਰ.) ਬਨਾਉਣਾ, ‘ਐੱਲ.ਐੱਮ.ਆਈ.’ ਦੀ ਚੱਲ ਰਹੀ ਲੁੱਟ ਬੰਦ ਨੂੰ ਕਰਨਾ ਅਤੇ ਉਨ੍ਹਾਂ ਨੂੰ ਕੈਨੇਡਾ ਵਿਚੋਂ ਵਾਪਸ ਆਪਣੇ ਦੇਸਾਂ ਨੂੰ ਭੇਜਣ ਦੀ ਪ੍ਰਕਿਰਿਆ(ਡੀਪੋਰਟੇਸ਼ਨ) ਉੱਪਰ ਅਮਲ ਨੂੰ ਰੋਕਣਾ ਸ਼ਾਮਲ ਹਨ। ਵਿਦਿਆਰਥੀਆਂ ਦੀਆਂ ਇਹ ਮੰਗਾਂ ਉਨ੍ਹਾ ਦੇ ਨੇਤਾਵਾਂ ਅਮਰਦੀਪ, ਮਹਿਕ ਅਤੇ ਵੱਲੋਂ ਬੜੇ ਵਧੀਆਂ ਤਰ੍ਹਾਂ ਉਭਾਰੀਆਂ ਜਾ ਰਹੀਆਂ ਹਨ। ਨਵਜੋਤ ਇਸ ਦੇ ਨਾਲ਼ ਨਾਲ਼ ਮੰਚ-ਸੰਚਾਲਨ ਦਾ ਕੰਮ ਵੀ ਬਾਖ਼ੂਬੀ ਸੰਭਾਲ ਰਹੀ ਸੀ।

ਇਨ੍ਹਾਂ ਸੰਘਰਸ਼ਸ਼ੀਲ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੂੰ ਪੜ੍ਹਾਈ ਲਈ ਕੈਨੇਡਾ ਸਰਕਾਰ ਵੱਲੋਂ ‘ਸਟੂਡੈਂਟ ਵੀਜ਼ੇ’ ਦਿੱਤੇ ਗਏ ਸਨ ਤਾਂ ਉਨ੍ਹਾਂ ਵਿਚ ਇੱਥੇ ਦੋ ਤੋਂ ਤਿੰਨ ਸਾਲ ਲਈ ਵਰਕ-ਪਰਮਿਟ ਦੇਣਾ ਅਤੇ ਪੀ. ਆਰ. ਲਈ ਅਰਜ਼ੀਆਂ ਦਾਖ਼ਲ ਕਰਨਾ ਵੀ ਸ਼ਾਮਲ ਸੀ। ਪਰ ਹੁਣ ਉਨ੍ਹਾਂ ਨੂੰ ਪੀ. ਆਰ. ਨਹੀਂ ਦਿੱਤੀ ਜਾ ਰਹੀ ਤੇ ਨਾ ਹੀ ਉਨ੍ਹਾਂ ਦੇ ਵਰਕ-ਪਰਮਿਟਾਂ ਵਿਚ ਵਾਧਾ




ਕੀਤਾ ਜਾ ਰਿਹਾ ਹੈ ਅਤੇ ਇੱਥੋਂ ਨਿਕਲਣ ਦੇ ਹੁਕਮ ਦਿੱਤੇ ਜਾ ਰਹੇ ਹਨ।

ਲੰਘੇ ਸ਼ਨੀਵਾਰ 28 ਸਤੰਬਰ ਨੂੰ ਪੰਜਾਬੀ ਕਮਿਊਨਿਟੀ ਦੇ ਮੈਂਬਰ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਇਸ ਧਰਨੇ ਵਿਚ ਸ਼ਾਮਲ ਹੋਏ। ਵਿਦਿਆਰਥੀਆਂ ਦਾ ਧਰਨਾ ਤਾਂ ਸਵੇਰ ਤੋਂ ਹੀ ਚੱਲ ਰਿਹਾ ਸੀ।ਉਨ੍ਹਾਂ ਵੱਲੋਂ ਦਿੱਤੇ ਗਏ ਸੱਦੇ ‘ਤੇ ਬਾਅਦ ਦੁਪਹਿਰ ਦੋ ਵਜੇ ਆਰੰਭ ਹੋਈ ਰੈਲੀ ਵਿਚ ਨਾ ਕੇਵਲ ਪੰਜਾਬੀ ਕਮਿਊਨਿਟੀ ਦੇ ਮੈਂਬਰ ਹੀ ਵੱਡੀ ਗਿਣਤੀ ਵਿਚ ਇਸ ਰੈਲੀ ਵਿਚ ਸ਼ਾਮਲ ਹੋਏ, ਸਗੋਂ ਉਨ੍ਹਾਂ ਵਿਚ ਹੋਰ ਕਮਿਊਨਿਟੀਆਂ ਲੋਕ ਵੀ ਸ਼ਾਮਲ ਸਨ। ਉਨ੍ਹਾਂ ਵੱਲੋਂ ਇਸ ਰੈਲੀ ਵਿਚ ਵਿਦਿਆਰਥੀਆਂ ਦੀ ਮੰਗਾਂ ਦਾ ਸਮੱਰਥਨ ਕੀਤਾ ਗਿਆ ਅਤੇ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਉਹ ਇਹ ਮੰਗਾਂ ਪ੍ਰਵਾਨ ਕਰਕੇ ਇਨ੍ਹਾਂ ਵਿਦਿਆਰਥੀਆਂ ਨੂੰ ਜਲਦੀ ਤੋਂ ਜਲਦੀ ਕੈਨੇਡਾ ਦੇ ‘ਪੱਕੇ ਵਾਸੀ’ ਬਣਾਏ।

ਇਸ ਮੌਕੇ ਬੁਲਾਰਿਆਂ ਵਿਚ ਪੰਜਾਬੀ ਕਮਿਊਨਿਟੀ ਦੇ ਆਗੂ ਇੰਦਰਜੀਤ ਸਿੰਘ ਬੱਲ, ਅੰਮ੍ਰਿਤ ਢਿੱਲੋਂ, ਧਰਮਪਾਲ ਸਿੰਘ ਸੰਧੂ, ਐਡਵੋਕੇਟ ਅਮਰਜੀਤ ਸਿੰਘ ਸਿੱਧੂ,ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਤੋਂ ਡਾ. ਸੁਖਦੇਵ ਸਿੰਘ ਝੰਡ, ਸਰਵਿਸਿਜ਼ ਐਂਪਲਾਈਜ਼ ਇੰਟਰਨੈਸ਼ਨਲ ਯੂਨੀਅਨ ਤੋਂ ਰਣਜੋਧ ਸਿੰਘ, ਬਲਦੇਵ ਸਿੰਘ ਸਹਿਦੇਵ, ਗੋਰਿਆਂ ਦੀ ਜੱਥੇਬੰਦੀ ‘ਯੂਨਾਈਟਿਡ ਸਟੀਲ ਵਰਕਰਜ਼ ਯੂਨੀਅਨ ਦੀ ਸਰਗਰਮ ਮਹਿਲਾ ਲੀਡਰ ਕੈਰੋਲਿਨ ਈਗਾਨਤੇ ਕਈ ਹੋਰ ਸ਼ਾਮਲ ਸਨ। ਸਰੋਤਿਆਂ ਵਿਚ ‘ਸਰੋਕਾਰਾਂ ਦੀ ਆਵਾਜ਼’ ਦੇ ਸੰਪਾਦਕ ਹਰਬੰਸ ਸਿੰਘ, ਦਵਿੰਦਰ ਸਿੰਘ ਤੂਰ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਚੇਅਰਮੈਨ ਕਰਨ ਅਜਾਇਬ ਸਿੰਘ ਸੰਘਾ, ਮਲੂਕ ਸਿੰਘ ਕਾਹਲੋਂ, ਬਲਦੇਵ ਸਿੰਘ ਸਹਿਦੇਵ, ਹੁਨਰ ਕਾਹਲੋਂ, ਡਾ. ਸੁਰਿੰਦਰਜੀਤ ਕੌਰ, ਜਗਦੀਸ਼ ਕੌਰ ਝੰਡ, ਜਗਦੀਸ਼ ਕੌਰ ਕਾਹਲੋਂ ਅਤੇ ਕਈ ਹੋਰ ਸ਼ਾਮਲ ਸਨ।









ਇਹ ਰੈਲੀ ਲੱਗਭੱਗ ਇੱਕ ਘੰਟਾ ਪੂਰੇ ਜੋਸ਼ ਨਾਲ ਚੱਲਦੀ ਰਹੀ। ਉਪਰੰਤ, ਵਿਦਿਆਰਥੀ ਨੇਤਾਵਾਂ ਵੱਲੋਂ ਕੁਈਨ ਸਟਰੀਟ ‘ਤੇ ਵਿਸ਼ਾਲ ‘ਰੋਡ ਮਾਰਚ’ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਰੈਲੀ ਵਿਚਲੇ ਸਮੂਹ ਸਮੱਰਥਕਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਰੋਡ ਮਾਰਚ ਦੇ ਪ੍ਰਬੰਧਕ ਵਿਦਿਆਰਥੀਆਂ ਵੱਲੋਂ ਇਕ ਪਿਕ-ਅੱਪ ਟਰੱਕ ਉੱਪਰ ਲਾਊਡ ਸਪੀਕਰ, ਵੱਡੇ ਸਾਰੇ ਬੈਨਰ ਅਤੇ ਵੱਖ-ਵੱਖ ਰੰਗਾਂ ਦੇ ‘ਪਲੇਅ-ਕਾਰਡਾਂ’ ਦਾ ਅਗਾਊਂ ਪ੍ਰਬੰਧ ਕੀਤਾ ਗਿਆ ਸੀ। ਇਸ ‘ਪੱਕ-ਅੱਪ’ ਟਰੱਕ ਦੇ ਮਗਰ ਮਗਰ ਚੱਲਦਿਆਂ ਹੱਥਾਂ ਵਿਚ ਬੈਨਰ ਫੜ੍ਹੀ ਵਿਦਿਆਰਥੀ ਬੁਲੰਦ ਆਵਾਜ਼ ਵਿਚ ਨਾਅਰੇ ਲਗਾ ਰਹੇ ਸਨ ਅਤੇ ਉਨ੍ਹਾਂ ਦੇ ਸਮੱਰਥਕ ਇਨ੍ਹਾਂ ਨਾਅਰਿਆਂ ਦਾ ਉੱਚੀ-ਉੱਚੀ ਭਰਪੂਰ ਹੁੰਗਾਰਾ ਭਰ ਰਹੇ ਸਨ। ਨਾਅਰਿਆਂ ਵਿਚ “ਵੁਈ ਵਾਂਟ -ਪੀ. ਆਰ”, “ਵੁਈ ਵਾਂਟ, ਜਸਟਿਸ”, “ਵੈੱਨ ਵੁਈ ਵਾਂਟ? - ਜਸਟ ਨਾਓ”, “ਡਾਊਨ ਵਿਦ ਡਿਸੀਜ਼ਨ ਆਫ਼ ਡੀਪੋਰਟੇਸ਼ਨ”, “ਹੂ ਪਰੌਮਿਜ਼ਡ ਅੱਸ ਪੀ. ਆਰ.? - ਇਮੀਗਰੇਸ਼ਨ ਮਨਿਸਟਰ”, ਆਦਿ ਸ਼ਾਮਲ ਸਨ। ਇਹ ਵਿਸ਼ਾਲ ਮਾਰਚ




ਕੁਈਨਜ਼ ਸਟਰੀਟ ਦੇ ਸੱਜੇ ਕਿਨਾਰੇ ਚੱਲਦਿਆਂ ਰੱਦਰਫ਼ੋਰਡ ਤੋਂ ਅੱਗੋਂ ਦੋ ਟਰੈਫ਼ਿਕ-ਲਾਈਟਾਂ ਨੂੰ ਪਾਰ ਕਰਦਾ ਹੋਇਆ ਤੀਸਰੀ ਟਰੈਫ਼ਕ ਲਾਈਟ ਤੋਂ ਵਾਪਸ ਹੋਇਆ ਅਤੇ ਫਿਰ ਇਸ ਸੜਕ ਦੇ ਖੱਬੇ ਕਿਨਾਰੇ ‘ਤੇ ਚੱਲਦਾ ਹੋਇਆ ਵਾਪਸ ਰੈਲੀ ਵਾਲੀ ਜਗ੍ਹਾ ਆ ਕੇ ਸਮਾਪਤ ਹੋਇਆ। ਇਸ ਰੈਲੀ ਤੇ ਰੋਡ-ਮਾਰਚ ਦੀ ਬਰੈਂਪਟਨ ਸ਼ਹਿਰ ਵਿਚਕਾਫ਼ੀ ਚਰਚਾ ਚੱਲ ਰਹੀ ਹੈ।

## ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦਾ ਥਾਣੇ ਦਾ ਮੁੱਖ ਮੁਨਸ਼ੀ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

### ਪੁਲਿਸ ਮੁਲਾਜ਼ਮ ਨੇ ਚੋਰੀ ਦੇ ਫ਼ੋਨ ਮਾਮਲੇ ’ਚ ਮੱਦਦ ਕਰਨ ਬਦਲੇ ਪਹਿਲਾ ਲਏ ਸੀ ਅੱਠ ਹਜ਼ਾਰ ਰੁਪਏ

ਚੰਡੀਗੜ੍ਹ, 2 ਅਕਤੂਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ ਸੀ.ਆਈ.ਏ. ਸਟਾਫ਼ ਵਿੱਚ ਮੁੱਖ ਮੁਨਸ਼ੀ ਵਜੋਂ ਤਾਇਨਾਤ ਹੌਲਦਾਰ ਸਤਨਾਮ ਸਿੰਘ ਨੂੰ 5,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।



ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫਤਾਰੀ ਸ੍ਰੀ ਮੁਕਤਸਰ ਸਾਹਿਬ ਦੀ ਵਸਨੀਕ ਪਰਵੀਨ ਕੌਰ ਦੀ ਸ਼ਿਕਾਇਤ ਦੀ ਪੜਤਾਲ ਤੋਂ ਬਾਅਦ ਕੀਤੀ ਗਈ ਹੈ। ਸ਼ਿਕਾਇਤ ਅਨੁਸਾਰ ਹੌਲਦਾਰ ਸਤਨਾਮ ਸਿੰਘ ਨੇ ਸ਼ਿਕਾਇਤਕਰਤਾ ਨੂੰ ਧਮਕੀ ਦਿੱਤੀ ਸੀ ਕਿ ਉਸਦਾ ਲੜਕਾ ਚੋਰੀ ਦਾ ਮੋਬਾਈਲ ਫੋਨ ਵਰਤ ਰਿਹਾ ਹੈ ਅਤੇ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਲਈ 50,000 ਰੁਪਏ ਦੀ ਮੰਗ ਕੀਤੀ ਗਈ। ਹਾਲਾਂਕਿ ਉਸਨੇ ਆਪਣੇ ਲੜਕੇ ਦੁਆਰਾ ਖਰੀਦੇ ਗਏ ਫੋਨ ਦਾ ਬਿੱਲ ਅਤੇ ਡੱਬਾ ਉਕਤ ਮੁਲਾਜ਼ਮ ਨੂੰ ਸੌਂਪ ਦਿੱਤਾ ਸੀ, ਪਰ ਇਸਦੇ ਬਾਵਜੂਦ ਵੀ ਪੁਲਿਸ ਮੁਲਾਜ਼ਮ ਨੇ ਸ਼ਿਕਾਇਤਕਰਤਾ ਤੋਂ 8,000 ਰੁਪਏ ਰਿਸ਼ਵਤ ਲਈ ਅਤੇ ਉਸਦੇ ਪੁੱਤਰ ਨੂੰ ਇਸ ਚੋਰੀ ਦੇ ਫੋਨ ਮਾਮਲੇ ਵਿੱਚ ਸ਼ਾਮਲ ਨਾ ਕਰਨ ਬਦਲੇ 5,000 ਰੁਪਏ ਹੋਰ ਦੇਣ ਦੀ ਵੀ ਮੰਗ ਕੀਤੀ।

ਉਕਤ ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗ ਰਹੇ ਇਸ ਪੁਲਿਸ ਮੁਲਾਜ਼ਮ ਦੀ ਗੱਲਬਾਤ ਰਿਕਾਰਡ ਕਰ ਲਈ ਸੀ ਅਤੇ ਮੱਦਦ ਲਈ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੀਤੀ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਨੇ ਜਾਲ ਵਿਛਾਇਆ ਅਤੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਹੌਲਦਾਰ ਸਤਨਾਮ ਸਿੰਘ ਨੂੰ ਸ਼ਿਕਾਇਤਕਰਤਾ ਤੋਂ 5,000 ਰੁਪਏ ਦੀ ਦੂਜੀ ਕਿਸ਼ਤ ਵਸੂਲਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ।

ਇਸ ਸਬੰਧੀ ਦੋਸ਼ੀ ਪੁਲਿਸ ਮੁਲਾਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਬਠਿੰਡਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਹੈ। ਮੁਲਜ਼ਮ ਨੂੰ ਕੱਲ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

## ਸਾਥੀ ਮੰਚ ਵੱਲੋਂ ਨਾਟਕਕਾਰ ਡਾ.ਸਤੀਸ਼ ਕੁਮਾਰ ਵਰਮਾ ਅਤੇ ਸ਼ਾਇਰ ਹਰਮੀਤ ਵਿਦਿਆਰਥੀ ਨੂੰ ਸਨਮਾਨਿਤ ਕਰਨ ਦਾ ਫੈਸਲਾ

### ਮਹਿੰਦਰ ਸਾਥੀ ਮੰਚ ਵੱਲੋਂ ਸਲਾਨਾ ਪੁਰਸਕਾਰਾਂ ਦਾ ਐਲਾਨ

ਮੋਗਾ, 2 ਅਕਤੂਬਰ (ਗਿਆਨ ਸਿੰਘ): ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਕਰਵਾਏ ਜਾਣ ਵਾਲੇ ਸਲਾਨਾ ਸਮਾਗਮ ਵਿੱਚ ਇਸ ਵਾਰ ਸ਼ੇਰ ਜੰਗ ਜਾਂਗਲੀ ਪੁਰਸਕਾਰ ਪ੍ਰਸਿੱਧ ਨਾਟਕਕਾਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਅਤੇ ਮੰਚ ਦੇ ਧਨੀ ਡਾਕਟਰ ਸਤੀਸ਼ ਕੁਮਾਰ ਵਰਮਾ ਨੂੰ ਅਤੇ ਸਵਰਗੀ ਮਲਕੀਅਤ ਸਿੰਘ ਬਰਾੜ ਯਾਦਗਾਰੀ ਪੁਰਸਕਾਰ ਪੰਜਾਬੀ ਦੇ ਨਾਮਵਰ ਸ਼ਾਇਰ ਹਰਮੀਤ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਵੇਗਾ। ਇਹ ਪੁਰਸਕਾਰ ਦਸੰਬਰ ਮਹੀਨੇ ਦੀ ਪਹਿਲੀ ਤਾਰੀਕ ਨੂੰ ਡੀ ਐਮ



ਕਾਲਜ ਮੋਗਾ ਵਿਖੇ ਕਰਵਾਏ ਜਾਣ ਵਾਲੇ ਵਿਸ਼ਾਲ ਸਾਹਿਤਕ ਸਮਾਗਮ ਵਿਚ ਦਿੱਤੇ ਜਾਣਗੇ। ਇਹ ਜਾਣਕਾਰੀ ਦਿੰਦਿਆਂ ਮੰਚ ਦੇ ਜਨਰਲ ਸਕੱਤਰ ਰਣਜੀਤ ਸਰਾਵਾਲੀ ਨੇ ਦੱਸਿਆ ਸਮਾਗਮ ਅਤੇ ਪੁਰਸਕਾਰਾਂ ਬਾਰੇ ਫੈਸਲਾ ਮੰਚ ਦੇ ਪ੍ਰਧਾਨ ਗੁਰਮੀਤ ਕੜਿਆਲਵੀ ਦੀ ਪ੍ਰਧਾਨਗੀ ਵਿੱਚ ਹੋਈ ਮੀਟਿੰਗ ਵਿੱਚ ਕੀਤਾ ਗਿਆ। ਇਸ ਮੀਟਿੰਗ ਵਿਚ ਸੀਨੀਅਰ ਮੀਤ ਪ੍ਰਧਾਨ ਨਵਨੀਤ ਸਿੰਘ ਸੇਖਾ, ਗੁਰਪ੍ਰੀਤ ਧਰਮਕੋਟ, ਸੀਨੀਅਰ ਕਾਰਜਕਰਨੀ ਮੈਂਬਰ ਅਮਰਪ੍ਰੀਤ ਕੌਰ ਸੰਘਾ ਅਤੇ ਧਾਮੀ ਗਿੱਲ ਆਦਿ ਸ਼ਾਮਿਲ ਹੋਏ।

ਸਲਾਨਾ ਸਮਾਗਮ ਸਮੇਂ ਕੀਤੇ ਜਾਣ ਵਾਲੇ ਕਵੀ ਦਰਬਾਰ ਵਿੱਚ ਸੱਦੇ ਜਾਣ ਵਾਲੇ ਕਵੀਆਂ ਦਾ ਵੀ ਫੈਸਲਾ ਕੀਤਾ ਗਿਆ। ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰਸਿੱਧ ਚਿੰਤਕ ਡਾਕਟਰ ਸੁਖਦੇਵ ਸਿੰਘ ਸਿਰਸਾ ਹੋਣਗੇ ਅਤੇ ਸਮਾਗਮ ਦੀ ਪ੍ਰਧਾਨਗੀ ਜਿਲਾ ਭਾਸ਼ਾ ਅਫਸਰ ਡਾਕਟਰ ਅਜੀਤਪਾਲ ਸਿੰਘ, ਨਾਮਵਰ ਵਿਅੰਗਕਾਰ ਕੇ ਐਲ ਗਰਗ ਅਤੇ ਸ਼ਾਇਰਾ ਨੀਤੂ ਅਰੋੜਾ ਵੱਲੋਂ ਕੀਤੀ ਜਾਵੇਗੀ। ਸਾਹਿਤ ਦੇ ਖੇਤਰ ਦੀਆਂ ਹੋਰ ਬਹੁਤ ਪ੍ਰਸਿੱਧ ਹਸਤੀਆਂ ਇਸ ਸਮਾਗਮ ਦੀ ਸ਼ੋਭਾ ਵਧਾਉਣਗੀਆਂ। ਕਵੀ ਦਰਬਾਰ ਵਿੱਚ ਪੰਜਾਬ ਦੇ ਨਾਮਵਰ ਸ਼ਾਇਰਾਂ ਵੱਲੋਂ ਆਪਣਾ ਕਲਾਮ ਪੇਸ਼ ਕੀਤਾ ਜਾਵੇਗਾ।









# ਟੀ.ਪੀ.ਏ.ਆਰ. ਕਲੱਬ ਦੇ 49 ਮੈਂਬਰਾਂ ਨੇ ਬਿੰਬੋ ਗਲੋਬਲ ਰੇਸ' ਵਿਚ ਲਿਆ ਹਿੱਸਾ

## ਕਲੱਬ ਦੇ 33 ਮੈਂਬਰ 10 ਕਿਲੋਮੀਟਰ ਤੇ 16 ਮੈਂਬਰ 5 ਕਿਲੋਮੀਟਰ ਦੌੜੇ

















ਬਰੈਂਪਟਨ, 2 ਅਕਤੂਬਰ (ਡਾ. ਝੰਡ): ਲੰਘੇ ਐਤਵਾਰ 29 ਸਤੰਬਰ ਨੂੰ ਟੋਰਾਂਟੋ ਲੇਕਸ਼ੋਰ ਦੇ ਕਿਨਾਰੇ ਕੀਤੇ ਗਏ ਦੌੜ ਦੇ ਈਵੈਂਟ 'ਬਿੰਬੋ ਗਲੋਬਲ ਰੇਸ' ਵਿਚ ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ (ਟੀ.ਪੀ.ਏ.ਆਰ. ਕਲੱਬ) ਦੇ 49 ਮੈਂਬਰਾਂ ਨੇ ਬੜੇ ਜੋਸ਼ ਤੇ ਉਤਸ਼ਾਹ ਨਾਲ 10 ਕਿਲੋਮੀਟਰ ਅਤੇ ਪੰਜ ਕਿਲੋਮੀਟਰ ਦੌੜਾਂ ਵਿਚ ਭਾਗ ਲਿਆ। ਕਲੱਬ ਦੇ 33 ਮੈਂਬਰਾਂ ਨੇ10 ਕਿਲੋਮੀਟਰ ਅਤੇ 16 ਮੈਂਬਰਾਂ ਨੇ 5 ਕਿਲੋਮੀਟਰ 'ਰੱਨ-ਕਮ-ਵਾਕ' ਵਿਚ ਹਿੱਸਾ ਲਿਆ। ਉਹ ਸਵੇਰੇ 6.30 ਵਜੇ ਸਕੂਲ ਬੱਸ ਵਿਚ ਸਵਾਰ ਹੋ ਕੇ 7.30 ਵਜੇ ਦੇ ਕਰੀਬ ਦੌੜਾਂ ਆਰੰਭ ਹੋਣ ਵਾਲੀ ਜਗ੍ਹਾ ਲੇਕਸ਼ੋਰ ਦੇ ਐਸ਼ਬਰਿੱਜ ਪਾਰਕਵਿਚ ਪਹੁੰਚੇ। ਸਵੇਰੇ 8.00 ਵਜੇ ਉਨ੍ਹਾਂ ਨੇ ਪ੍ਰਬੰਧਕਾਂ ਕੋਲੋਂ ਆਪਣੀਆਂ 'ਕਿੱਟਾਂ' ਪ੍ਰਾਪਤ ਕੀਤੀਆਂ ਅਤੇ ਉਨ੍ਹਾਂ ਵੱਲੋਂ ਵੱਖ-ਵੱਖ ਸਟਾਲਾਂ ਵਿਚ ਪਰੋਸਿਆ ਗਿਆ ਹਲਕਾ ਨਾਸ਼ਤਾ ਕੀਤਾ।

ਸਵੇਰੇ 9.00 ਵਜੇ 10 ਕਿਲੋਮੀਟਰ ਦੌੜ ਆਰੰਭ ਹੋ ਗਈ। ਲੇਕਸ਼ੋਰ ਦੇ ਕੰਢੇ-ਕੰਢੇ ਬੋਰਡ-ਵਾਕ ਉੱਪਰ ਲੱਗਭੱਗ 2.5 ਕਿਲੋਮੀਟਰ ਅੱਗੇ ਜਾ ਕੇ 'ਯੂ-ਟਰਨ' ਲੈ ਕੇ ਨਾਲ ਲੱਗਦੀ ਸੜਕ ਤੋਂ ਵਾਪਸੀ ਕਰਦਿਆਂ ਦੌੜਾਕਾਂ ਨੇ'ਸਟਾਰਟਿੰਗ ਪੁਆਇੰਟ' ਤੋਂ ਅੱਗੇ ਜਾ ਕੇ ਹੋਰ ਪੰਜ ਕਿਲੋ ਮੀਟਰ ਪੈਂਡਾ ਪੂਰਾ ਤੈਅ ਕਰਕੇ 'ਫਿਨਿਸ਼ ਪੁਆਇੰਟ' 'ਤੇ ਪਹੁੰਚਣਾ ਸੀ। ਬੜੀ ਹੈਰਾਨੀ ਦੀ ਗੱਲ ਸੀ ਕਿ ਇਸ ਦੌੜ ਦਾ ਸੱਭ ਤੋਂ ਤੇਜ਼ ਦੌੜਾਕ ਕੌਸਟਾ ਰੀਕਾ ਦੇਸ਼ ਦਾ ਵਾਸੀਲੂਈ ਅਲੈਗਜ਼ੈਂਡਰੋ 31 ਮਿੰਟ 2 ਸਕਿੰਟਾਂ ਵਿਚ ਹੀ ਇੱਥੇ ਪਹੁੰਚ ਗਿਆ। ਉਸ ਦੇ ਪਿੱਛੇ-ਪਿੱਛੇ ਦੌੜਦੇ ਹੋਏ ਏਸੇ ਹੀ ਦੇਸ਼ ਦੇ ਐਸਟੇਬਨ ਸੈੱਸ ਕੈਂਪੋਸ 31 ਮਿੰਟ 16 ਸਕਿੰਟ ਵਿਚ ਅਤੇ ਜੌਲਡੀ ਮੈਂਨਡੇਜ਼ 31 ਮਿੰਟ 55 ਸਕਿੰਟ ਵਿਚ ਫ਼ਿਨਿਸ਼ ਪੁਆਇੰਟ 'ਤੇ ਪਹੁੰਚ ਕੇ ਦੂਸਰੇ ਅਤੇ ਤੀਸਰੇ ਨੰਬਰ 'ਤੇ ਆਏ। ਟੀਪੀਏਆਰ ਕਲੱਬ ਦੇ ਮੈਂਬਰ ਸੋਢੀ ਕੰਗ48 ਮਿੰਟ 35 ਸਕਿੰਟ, ਅਮਰਜੀਤ ਸਿੰਘ48 ਮਿੰਟ 36ਸਕਿੰਟ ਤੇਧਿਆਨ ਸਿੰਘ ਸੋਹਲ 51ਮਿੰਟ 12 ਸਕਿੰਟਵਿਚ 'ਫਿਨਿਸ਼ ਪੁਆਇੰਟ''ਤੇ ਪਹੁੰਚ ਕੇ ਕਲੱਬ ਵਿਚੋਂ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਏ। ਜੱਸੀ ਧਾਲੀਵਾਲ 51 ਮਿੰਟ 55 ਸਕਿੰਟ ਵਿਚ ਪਹੁੰਚ ਕੇ ਚੌਥੇ ਨੰਬਰ 'ਤੇ ਰਿਹਾ।

ਪੰਜ ਕਿਲੋਮੀਟਰ ਦੀ ਦੌੜ 10.00 ਵਜੇ ਸ਼ੁਰੂ ਹੋਈ। ਟੀਪੀਏਆਰ ਦੇ 16 ਮੈਂਬਰਾਂ ਨੇ ਇਸ ਦੌੜ ਵਿਚ ਭਾਗ ਲਿਆ ਜਿਨ੍ਹਾਂ ਵਿਚ ਚਾਰ ਸੀਨੀਅਰ ਮੈਂਬਰ ਜੰਗੀਰ ਸਿੰਘ ਸੈਂਹਬੀ, ਅਮਰਜੀਤ ਸਿੰਘ, ਹਰਚੰਦ ਸਿੰਘ ਬਾਸੀ ਤੇ ਡਾ. ਸੁਖਦੇਵ ਸਿੰਘ ਝੰਡ ਵੀ ਸਨ। ਛੋਟੇ ਬੱਚਿਆਂ ਦੀ ਤਿੰਨ ਕਿਲੋਮੀਟਰ ਦੌੜ 11.00 ਆਰੰਭ ਹੋਈ ਜਿਸ ਵਿਚ 3 ਸਾਲ ਤੋਂ ਲੈ ਕੇ ਛੇ ਸਾਲ ਦੇ ਬੱਚੇ ਬੜੇ ਉਤਸ਼ਾਹ ਨਾਲ ਸ਼ਾਮਲ ਹੋਏ। ਛੋਟੇ ਬੱਚਿਆਂ ਦੇ ਨਾਲ ਉਨ੍ਹਾਂ ਦੇ ਮਾਪੇ ਵੀ ਨਾਲ ਨਾਲ ਦੌੜ ਰਹੇ ਸਨ। ਇਹ ਵੇਖ ਕੇ ਬਹੁਤ ਸੋਹਣਾ ਲੱਗ ਰਿਹਾ ਸੀ। ਬਾਰਾਂ ਕੁ ਵਜੇ ਹਰੇਕ ਦੌੜ ਵਿੱਚੋਂ ਪਹਿਲੀਆਂ ਤਿੰਨ ਪੋਜ਼ੀਸ਼ਨਾਂ 'ਤੇ ਆਉਣ ਵਾਲੇ ਜੇਤੂਆਂ ਨੂੰ ਇਨਾਮ ਵੰਡੇ ਗਏ।

ਏਨੇ ਚਿਰ ਨੂੰ ਦੁਪਹਿਰ ਦਾ ਖਾਣਾ ਆਰੰਭ ਹੋ ਗਿਆ। ਵੱਖ-ਵੱਖ ਸਟਾਲਾਂ 'ਤੇ ਕਈ ਪ੍ਰਕਾਰ ਦਾ ਖਾਣਾ ਲੱਗਾ ਹੋਇਆ ਸੀ ਪਰ ਸੱਭ ਤੋਂ ਲੰਮੀ ਲਾਈਨ 'ਟਰਕੀ ਵਾਲੇ ਬਾਰ-ਬੀਕਿਊ' ਵਾਲੇ ਸਟਾਲ ਉੱਪਰ ਸੀ। ਕਲੱਬ ਦੇ ਮੈਂਬਰਾਂ ਨੇ ਇੱਥੋ ਟਰਕੀ ਬਰਗਰ ਅਤੇ ਠੰਢੇ ਲਏ ਤੇ ਬੱਸ ਵੱਲ ਨੂੰ ਚੱਲ ਪਏ। ਇੱਥੇਸੋਢੀ ਕੰਗ ਤੇ ਹੈਪੀ ਸਹੋਤਾ ਵੱਲੋਂਪਿੱਕ-ਅੱਪ ਟਰੱਕ ਦੇ ਪਿਛਲੇ ਪਾਸੇ 'ਠੰਢੀ ਸ਼ਰਦਾਈ' ਦਾ ਲੰਗਰ ਸਜਾਇਆ ਗਿਆ ਸੀ। ਸਾਰਿਆਂ ਨੇ ਠੰਢੀ ਸ਼ਰਦਾਈ ਦਾ ਖ਼ੂਬ ਅਨੰਦ ਮਾਣਿਆਂ ਅਤੇ ਬੱਸ 'ਚ ਸਵਾਰ ਕੇ ਵਾਪਸ ਆਪਣੀ ਮੰਜ਼ਲ ਬਰੈਂਪਟਨ ਵੱਲ ਚੱਲ ਪਏ। ਬੱਸ ਵਿਚ ਜੱਸੀ ਧਾਲੀਵਾਲ ਵੱਲੋਂ ਕਲੱਬ ਦੇ ਸਪਾਂਸਰਾਂ ਗੈਰੀ ਗਰੇਵਾਲ, ਕੁਲਵੰਤ ਧਾਲੀਵਾਲ ਤੇ ਹੈਪੀ ਸਹੋਤਾ, ਚੇਅਰਮੈਨ ਸੰਧੂਰਾ ਸਿੰਘ ਬਰਾੜ ਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

ਇੱਥੇ ਇਹ ਵੀ ਵਰਨਣਯੋਗ ਹੈ ਇਕ ਇਸ ਤੋਂ ਦੋ ਦਿਨ ਪਹਿਲਾਂ 27 ਸਤੰਬਰ ਨੂੰ ਟੀਪੀਏਆਰ ਕਲੱਬ ਦੇ ਤਿੰਨ ਮੈਂਬਰਾਂ ਜੱਸੀ ਧਾਲੀਵਾਲ, ਮਨਜੀਤ ਨੌਟਾ ਅਤੇ ਚੇਅਰਮੈਨ ਸੰਧੂਰਾ ਸਿੰਘ ਬਰਾੜ ਨੇ ਦਿਲਚਸਪ 'ਕਾਲ ਬਰੀਟਾ ਨਾਈਟ ਰੱਨ' ਵਿਚ ਵੀ ਭਾਗ ਲਿਆ। ਇਹ ਕੇਵਲ ਇਕ ਹੀ ਦੌੜ ਹੈ ਜੋ ਰਾਤ ਨੂੰ ਕਰਵਾਈ ਜਾਂਦੀ ਹੈ। ਦੌੜ ਦੇ ਰੂਟ ਵਿਚਸੜਕ ਦੇ ਦੋਵੇਂ ਪਾਸੇ ਤੇਜ਼ ਲਾਈਟਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਤਾਂ ਜੋ ਹਨੇਰੇ ਕਾਰਨ ਦੌੜਾਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।



PURBA APPRAISALS INC.

WE PROVIDE RESIDENTIAL REAL ESTATE APPRAISAL SERVICES FOR:

- •Mortgage Financing
- •Tax/Capital Gain
- •Divorce/Separation of Assets
- •Litigation Support
- •Pre-listing Appraisals



Gurpreet Purba
Broker, CRA
416-669-1423
www.purbahomes.com

The Mortgage Centre
We work for you, not the lenders.




Debt Consolidation | Renovations & Repairs | Avoiding High penalities

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

if you are looking for independent mortgage or protection advice....
We're here to help.
* Competitive rates
* Flexible terms
* Fast approval process

For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services

Urgently Need New Listings in Brampton/Caledon
visit: www.teamjagaujla.com



Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com

CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com

URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA

LISTED IN *BRAMPTON*
TORBRAM/ FATHER TOBIN/MOUNTAINASH



1500–2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ, ਫਰੀਹੋਲਡ ਟਾਊਨ ਹਾਊਸ, ਓਕ ਸਟੇਅਰਕੇਸ, ਹਾਰਡਵੁੱਡ ਅਤੇ ਸੀਰਾਮਿਕ ਫਲੋਰ, ਸਾਂਨਦਾਰ ਕਿਚਨ ਮਾਸਟਰ ਬੈਡਰੂਮ ਵਿਚ 5 ਪੀਸ ਇਨਸੂਇਟ ਅਤੇ ਵਾਕ ਇਨ ਕਲੋਜ਼ਿਟ, ਨਿਊਂ ਅਪਲਾਂਇਸਿਸ

LISTED IN *BRAMPTON*
BRAMALEA/ SANDALWOOD/DEWSIDE



2000–2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੇਂਟ ਵਿੱਚ ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ ਇਨਸੂਇਟ ਅਤੇ His & Her ਕਲੋਜ਼ਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

LISTED IN *MISSISSAUGA*
BURNHAMTHORPE/CONFEDERATION



900–999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ, ਨਵਾਂ ਪੈਂਟ, ਨਵੇਂ ਲੈਂਮੀਨੇਟ ਫਲੋਰ, ਬਹੁਤ ਖੁਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲੱਕੁਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One + Celebration Square, Grand Park Plaza, Sheridan College Campus.

LISTED IN *CAMBRIDGE*
SPEEDSVILLE RD/ EQUESTRAIN WAY/MAPLE GROVE



1500–2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ ਇਨਸੂਇਟ ਅਤੇ Walk-in ਕਲੋਜ਼ਿਟ,
Laundary ਮੇਨ ਫਲੋਰ ਤੇ।
ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।

FREE

- ✓ Full MLS Services
- ✓ Consistently Marketing Your Property Until SOLD
- ✓ Competitive Rates, Exceptional Service & Award Winning Results
- ✓ Staging Consultation
- ✓ Billboard, Flyer, Newspaper
- ✓ Online Promotion
- ✓ Professional Pictures and Virtual Tour
- ✓ Social media & Radio Advertisement
- ✓ Open House Until Sold

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022